# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 123 Wednesday, June 26, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਕਾਰਬਨ ਟੈਕਸ ਦੀ ਆਮਦਨ 'ਚੋਂ 60 ਮਿਲੀਅਨ ਡਾਲਰ ਸਕੂਲਾਂ 'ਚ ਗ੍ਰੀਨ ਪ੍ਰੋਜੈਕਟਸ ਲਈ ਦਿੱਤੇ ਜਾਣਗੇ : ਮੈਕੇਨਾ

ਓਟਵਾ, 25 ਜੂਨ (ਪੋਸਟ ਬਿਊਰੋ) : ਫੈਡਰਲ ਕਾਰਬਨ ਟੈਕਸ ਦੀ ਆਮਦਨ ਦਾ ਕੁੱਝ ਹਿੱਸਾ ਚਾਰ ਪ੍ਰੋਵਿੰਸਾਂ ਦੇ ਸਕੂਲਾਂ ਵਿੱਚ ਚੱਲ ਰਹੇ ਗ੍ਰੀਨ ਪ੍ਰੋਜੈਕਟਸ ਲਈ ਦਿੱਤਾ ਜਾਵੇਗਾ। ਪਰ ਇਸ ਪ੍ਰੋਗਰਾਮ ਦੀ ਹੋਣੀ ਇਨ੍ਹਾਂ ਚਾਰ ਪ੍ਰੋਵਿੰਸਾਂ ਦੇ ਕੰਜ਼ਰਵੇਟਿਵ ਪ੍ਰੀਮੀਅਰਜ਼ ਦੇ ਸਹਿਯੋਗ ਉੱਤੇ ਹੀ ਨਿਰਭਰ ਕਰਦੀ ਹੈ।

ਐਨਵਾਇਰਮੈਂਟ ਮੰਤਰੀ ਕੈਥਰੀਨ ਮੈਕੇਨਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਕਾਰਬਨ ਉੱਤੇ ਫੈਡਰਲ ਪ੍ਰਾਈਸ ਤੋਂ ਹੋਣ ਵਾਲੀ ਆਮਦਨ ਵਿੱਚੋਂ 60 ਮਿਲੀਅਨ ਡਾਲਰ ਨਿਊ ਬਰੰਜ਼ਵਿੱਕ, ਓਨਟਾਰੀਓ, ਮੈਨੀਟੋਬਾ ਤੇ ਸਸਕੈਚਵਨ ਵਿੱਚ ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਉੱਤੇ ਖਰਚੇ ਜਾਣਗੇ। ਇਨ੍ਹਾਂ ਚਾਰ



ਪ੍ਰੋਵਿੰਸਾਂ ਵਿੱਚ ਇਸ ਲਈ ਕਾਰਬਨ ਟੈਕਸ ਲਾਇਆ ਗਿਆ ਹੈ ਕਿਉਂਕਿ ਇਨ੍ਹਾਂ ਦਾ ਆਪਣਾ ਕੋਈ ਕਾਰਬਨ ਪ੍ਰਾਈਸਿੰਗ ਸਿਸਟਮ ਨਹੀਂ ਹੈ ਜਿਹੜਾ ਫੈਡਰਲ ਮਾਪਦੰਡਾਂ ਉੱਤੇ ਖਰਾ ਉਤਰ ਸਕੇ।

ਜ਼ਿਕਰਯੋਗ ਹੈ ਕਿ ਪਹਿਲਾਂ ਲਿਬਰਲਾਂ ਨੇ ਇਹ ਵਾਅਦਾ ਕੀਤਾ ਸੀ ਕਿ ਕਾਰਬਨ ਟੈਕਸ ਤੋਂ ਹੋਣ ਵਾਲੀ ਆਮਦਨ ਦਾ 90 ਫੀ ਸਦੀ ਇਨਕਮ ਟੈਕਸ ਅਦਾ ਕਰਨ ਵਾਲਿਆਂ ਨੂੰ ਛੋਟ ਦੇ ਰੂਪ ਵਿੱਚ ਵਾਪਿਸ ਜਾਵੇਗਾ। ਮੰਗਲਵਾਰ ਨੂੰ ਐਲਾਨੀ ਗਈ ਰਕਮ ਬਚੇ ਹੋਏ 10 ਫੀ ਸਦੀ ਦਾ ਹਿੱਸਾ ਹੈ, ਜਿਹੜਾ ਸਕੂਲਾਂ, ਹਸਪਤਾਲਾਂ, ਨਿੱਕੇ ਕਾਰੋਬਾਰਾਂ ਤੇ ਹੋਰਨਾਂ ਸੰਸਥਾਵਾਂ ਨੂੰ ਜਾਵੇਗਾ। ਆਪਣੇ ਓਟਵਾ ਸੈਂਟਰ ਹਲਕੇ ਦੇ ਸਕੂਲ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਕੇਨਾ ਨੇ ਆਖਿਆ ਕਿ ਇਸ ਨਾਲ ਵਿਦਿਆਰਥੀਆਂ ਲਈ ਸਿੱਖਣ ਵਾਲੇ ਮਾਹੌਲ ਵਿੱਚ ਸੁਧਾਰ ਹੋਵੇਗਾ।

...ਬਾਕੀ ਪੰਨਾ 6 'ਤੇ

# ਚੀਨ ਵੱਲੋਂ ਕੈਨੇਡੀਅਨ ਮੀਟ ਐਕਸਪੋਰਟ ਸਸਪੈਂਡ ਕਰਨ ਦੀ ਮੰਗ

ਓਟਵਾ, 25 ਜੂਨ (ਪੋਸਟ ਬਿਊਰੋ) : ਚੀਨ ਦੀ ਅੰਬੈਸੀ ਵੱਲੋਂ ਮੰਗਲਵਾਰ ਨੂੰ ਕੈਨੇਡਾ ਦੇ ਸਾਰੇ ਮੀਟ ਐਕਸਪੋਰਟ ਨੂੰ ਸਸਪੈਂਡ ਕਰਨ ਲਈ ਆਖਿਆ ਗਿਆ ਹੈ। ਇਹ ਕਦਮ ਦਸੰਬਰ ਵਿੱਚ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੀ ਗਈ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵੈਨਜ਼ੋਊ ਵਾਲੇ ਡਿਪਲੋਮੈਟਿਕ ਵਿਵਾਦ ਕਾਰਨ ਚੁੱਕਿਆ ਗਿਆ ਮੰਨਿਆ ਜਾ ਰਿਹਾ ਹੈ।

ਚੀਨ ਵੱਲੋਂ ਇਹ ਐਲਾਨ ਉਦੋਂ ਕੀਤਾ ਗਿਆ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਬੁੱਧਵਾਰ ਨੂੰ ਜਾਪਾਨ ਵਿੱਚ ਹੋਣ ਜਾ ਰਹੀ ਜੀ-20 ਆਗੂਆਂ ਦੀ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ



ਰਵਾਨਾ ਹੋਣ ਵਾਲੇ ਸਨ। ਜ਼ਿਕਰਯੋਗ ਹੈ ਕਿ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨਾਂ ਦੀ ਹੋਣੀ ਦਾ ਸਾਰਾ ਦਾਰੋਮਦਾਰ ਟਰੂਡੋ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਉੱਤੇ ਸੁੱਟਿਆ ਗਿਆ ਹੈ ਜਿਨ੍ਹਾਂ ਨੇ ਇਸ ਸਿਖਰ ਵਾਰਤਾ ਦੌਰਾਨ ਚੀਨ ਦੇ ਰਾਸ਼ਟਰਪਤੀ ਜ਼ੀ ਜਿੰਨਪਿੰਗ ਨਾਲ ਮੁਲਾਕਾਤ ਵਿੱਚ ਇਹ ਮੁੱਦਾ ਉਠਾਉਣ ਦਾ ਵਾਅਦਾ ਕੀਤਾ ਹੈ।

ਅੰਬੈਸੀ ਨੇ ਮੰਗਲਵਾਰ ਨੂੰ ਕੈਨੇਡੀਅਨ ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਵਿੱਚ ਆਖਿਆ ਕਿ ਕੈਨੇਡੀਅਨ ਪੋਰਕ ਪ੍ਰੋਡਕਟਸ ਦੇ ਇੱਕ ਬੈਚ ਵਿੱਚ ਚੀਨ ਦੇ ਕਸਟਮਜ਼ ਅਧਿਕਾਰੀਆਂ ਵੱਲੋਂ ਪਾਬੰਦੀਸ਼ੁਦਾ ਪਦਾਰਥ ਰੈਕਟੋਪਾਮਾਈਨ ਪਾਏ ਜਾਣ ਤੋਂ ਬਾਅਦ ਹੀ ਇਹ ਫੈਸਲਾ ਲਿਆ ਗਿਆ ਹੈ। ਇਹ ਪਦਾਰਥ ਦੀ ਕੈਨੇਡਾ ਵਿੱਚ ਵਰਤੋਂ ਦੀ ਇਜਾਜ਼ਤ ਹੈ ਪਰ ਇਹ ਚੀਨ ਵਿੱਚ ਬੈਨ ਹੈ। ਅੰਬੈਸੀ ਨੇ ਆਪਣੇ ਬਿਆਨ ਵਿੱਚ ਆਖਿਆ ਹੈ ਕਿ ਉਨ੍ਹਾਂ ਵੱਲੋਂ ਕੀਤੀ ਗਈ ਜਾਂਚ ਤੋਂ ਇਹ ਖੁਲਾਸਾ ਹੁੰਦਾ ਹੈ ਕਿ ਚੀਨ ਨੂੰ ਐਕਸਪੋਰਟ ਕੀਤੇ ਗਏ ਪੋਰਕ ਦੇ ਬੈਚ ਨਾਲ ਜੁੜੇ ਹੋਏ ਸਰਕਾਰੀ ਵੈਟਰਨਰੀ ਹੈਲਥ ਸਰਟੀਫਿਕੇਟ ਨਕਲੀ ਹਨ ਤੇ ਇਨ੍ਹਾਂ ਜਾਅਲੀ ਸਰਟੀਫਿਕੇਟਸ ਦੀ ਗਿਣਤੀ 188 ਹੈ।

ਇਹ ਵੀ ਆਖਿਆ ਗਿਆ ਹੈ ਕਿ ਚੀਨ ਦੇ ਰੈਗੂਲੇਟਰੀ ਅਧਿਕਾਰੀਆਂ ਨੂੰ ਇਹ ਜਾਅਲੀ ਸਰਟੀਫਿਕੇਟਸ ਕੈਨੇਡੀਅਨ ਆਫੀਸ਼ੀਅਲ ਸਰਟੀਫਿਕੇਟ ਨੋਟੀਫਿਕੇਸ਼ਨ ਚੈਨਲ ਰਾਹੀਂ ਭੇਜੇ ਗਏ। ਜਿਸ ਤੋਂ ਪਤਾ ਚੱਲਦਾ ਹੈ ਕਿ ਕੈਨੇਡੀਅਨ ਮੀਟ ਐਕਸਪੋਰਟ ਸੁਪਰਵਿਜ਼ਨ ਸਿਸਟਮ ਵਿੱਚ ਚੋਰਮੋਰੀਆਂ ਹਨ। ...ਬਾਕੀ ਪੰਨਾ 6 'ਤੇ

# ਕੈਨੇਡੀਅਨ ਐਸਟ੍ਰੋਨੌਟ ਡੇਵਿਡ ਸੇਂਟ ਜੈਕੁਅਸ ਧਰਤੀ ਉੱਤੇ ਪਰਤੇ



ਲੌਂਗਿਊਅਲ, ਕਿਊਬਿਕ, 25 ਜੂਨ (ਪੋਸਟ ਬਿਊਰੋ) : ਇੰਟਰਨੈਸ਼ਨਲ ਸਪੇਸ ਸਟੇਸਨ ਉੱਤੇ ਛੇ ਮਹੀਨੇ ਗੁਜ਼ਾਰਨ ਤੋਂ ਬਾਅਦ ਸੋਮਵਾਰ ਨੂੰ ਕੈਨੇਡੀਅਨ ਐਸਟ੍ਰੋਨੌਟ ਡੇਵਿਡ ਸੇਂਟ ਜੈਕੁਅਸ ਧਰਤੀ ਉੱਤੇ ਪਰਤ ਆਏ। ਮੂਲ ਰੂਪ ਵਿੱਚ ਸੇਂਟ ਲੈਂਬਰਟ, ਕਿਊਬਿਕ ਨਾਲ ਸਬੰਧਤ ਜੈਕੁਅਸ ਸਪੇਸ ਸਟੇਸ਼ਨ ਵਿੱਚ ਸੱਭ ਤੋਂ ਵੱਧ ਸਮਾਂ, ਭਾਵ 204 ਦਿਨ ਰਹਿਣ ਵਾਲੇ ਪਹਿਲੇ ਐਸਟ੍ਰੋਨੌਟ ਬਣ ਗਏ ਹਨ। ਇਸ ਕੈਨੇਡੀਅਨ ਐਸਟ੍ਰੋਨੌਟ ਨੂੰ ਨਾਸਾ ਤੋਂ ਐਨੇ ਮੈਕਲੇਨ ਤੇ ਰੂਸੀ ਕੌਸਮੋਨੌਅ ਓਲੈਗ ਕੋਨੋਨੈਂਕੋ ਨੇ ਸੋਊਜ਼ ਕੈਪਸੂਲ ਵਿੱਚ ਜੁਆਇਨ ਕੀਤਾ, ਜੋ ਕਿ ਕਜ਼ਾਕਿਸਤਾਨ ਵਿੱਚ ਲੈਂਡ ਕੀਤਾ। ਸੇਂਟ ਜੈਕੁਅਸ ਮਿਸ਼ਨ 3 ਦਸੰਬਰ ਤੋਂ ਪਹਿਲਾਂ ਸ਼ੁਰੂ ਹੋਇਆ ਸੀ, ਜਦੋਂ ਅਕਤੂਬਰ ਵਿੱਚ ਹੋਏ ਰਾਕੇਟ ਹਾਦਸੇ ਤੋਂ ਬਾਅਦ ਉਹ ਪਹਿਲੇ ਸੋਊਜ਼ ਮਿਸ਼ਨ ਦਾ ਹਿੱਸਾ ਸੀ। ਇਸ ਹਾਦਸੇ ਤੋਂ ਬਾਅਦ ਦੋ ਐਸਟ੍ਰੋਨੌਟਸ ਨੂੰ ਮਿਸ਼ਨ ਵਿਚਾਲੇ ਛੱਡ ਕੇ ਐਮਰਜੰਸੀ ਲੈਂਡਿੰਗ ਕਰਨੀ ਪਈ ਸੀ।

49 ਸਾਲਾ ਸੇਂਟ-ਜੈਕੁਅਸ ਨੇ ਅਪਰੈਲ ਵਿੱਚ ਸਾਢੇ ਛੇ ਘੰਟੇ ਦੀ ਸਪੇਸ ਵਾਕ ਤੇ ਕੈਨੇਡਾਆਰਮ 2 ਦੀ ਵਰਤੋਂ ਨਾਲ ਸਪੇਸ ਐਕਸ ਡਰੈਗਨ ਕਾਰਗੋ ਦੀ ਕੌਸਮਿਕ ਕੈਚ ਵਿੱਚ ਹਿੱਸਾ ਲਿਆ।

...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate -Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ 647-784-1213 www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

JEYA TRANSPORT LTD.

## LOOKING FOR LONG/SHORT HAULS

**A/Z DRIVERS FOR USA/LOCAL CANADA/TORONTO-MONTREAL**

- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ

- Looking For dedicated A/Z Drivers For USA/Local Canada/ Toronto - Montreal
- Every Pick up and Drop off is in the same place
- Good Job, Per Mile 0.55 Cents and Up
- New Trucks And Trailers 2016-2018

**ALSO HIRING OWNER OPERATORS**




202-2386 Haines Rd., Mississauga ON.

**416-832-7131 / 905-564-8851**

202-2386 Haines Rd., Mississauga, ON

www.jeyatransport.com
Email: ramesh@jeyatransport.com



## TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill




APEX CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize


FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi





## SASH FLEET HOLDING LTD
Established since 2007

**NOW HIRING!!!**
**AZ DRIVERS FOR US**

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

***HIRING!!! Operations Manager***

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

**Send all resume to recuit@sashts.com**



**Data everywhere. No surprise charges anywhere.**

NEW

**NATION-WIDE. NO ZONES.**
TALK, TEXT & DATA PLANS
**$35/MO.**

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕਰਿਆ ਹੁਕਮ ਸਰਕਾਰ ਬਿਹਾਰ ਦੀ ਨੇ,
ਲੋਕੀਂ ਰੋਸ ਪ੍ਰਗਟਾਵੇ ਨਹੀਂ ਕਰਨ ਬੇਲੀ।
ਲੋਕ ਦੁਖੀ ਕਿ ਵਧ ਗਿਆ ਰੋਗ ਬਾਹਲਾ,
ਬੱਚੇ ਨਿੱਤ ਪਏ ਰੋਗ ਨਾਲ ਮਰਨ ਬੇਲੀ।
ਲੀਡਰ ਲੋਕਾਂ ਦੇ ਕੋਲ ਨਹੀਂ ਕਦੀ ਜਾਂਦੇ,
ਪਟਨੇ ਹਾਕਮ ਦੀ ਹਾਜ਼ਰੀ ਭਰਨ ਬੇਲੀ।
ਵਧ ਗਏ ਰੋਸ ਤੇ ਬੜੇ ਹਨ ਲੋਕ ਭੜਕੇ,
ਇਸੇ ਰੋਸ ਤੋਂ ਲੀਡਰ ਪਏ ਡਰਨ ਬੇਲੀ।
ਕੀਤਾ ਦਾਰੂ ਦਵਾਈ ਦਾ ਫਿਕਰ ਹੈ ਨਹੀਂ,
ਦੁਖੜਾ ਰੋਣ ਦੀ ਲਾਈ ਗਈ ਰੋਕ ਬੇਲੀ।
ਅਕਸ ਕਿੱਦਾਂ ਸਰਕਾਰ ਦਾ ਰਹੇ ਬਚਿਆ,
ਫੋਰਸ ਏਸੇ ਲਈ ਦਿੱਤੀ ਆ ਝੋਕ ਬੇਲੀ।

**ਤੀਸ ਮਾਰ ਖਾਂ**

# ਸਕਾਰਬੌਰੋ ਵਿੱਚ ਚੱਲੀ ਗੋਲੀ, ਦੋ ਜ਼ਖ਼ਮੀ

ਸਕਾਰਬੌਰੋ, 25 ਜੂਨ (ਪੋਸਟ ਬਿਊਰੋ) : ਬੈਂਡੇਲ ਏਰੀਆ ਵਿੱਚ ਚੱਲੀ ਗੋਲੀ ਤੋਂ ਬਾਅਦ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਜ਼ਖ਼ਮੀਆਂ ਵਿੱਚ ਇੱਕ ਪੁਲਿਸ ਅਧਿਕਾਰੀ ਵੀ ਸ਼ਾਮਲ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ 8:00 ਵਜੇ ਮਿਡਲੈਂਡ ਐਵਨਿਊ ਤੇ ਮਿਡਵੈਸਟ ਰੋਡ ਨੇੜੇ ਇਹ ਗੋਲੀਕਾਂਡ ਵਾਪਰਿਆ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਤੇ ਪੁਲਿਸ ਅਧਿਕਾਰੀ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਦੋਵੇਂ ਵਿਅਕਤੀ ਕਿਸ ਹੱਦ ਤੱਕ ਜ਼ਖ਼ਮੀ ਹਨ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਸਕੀ ਹੈ। ਮਾਮਲੇ ਦੀ ਜਾਂਚ ਲਈ ਪ੍ਰੋਵਿੰਸ ਦੀ ਸਪੈਸ਼ਲ




ਇਨਵੈਸਟੀਗੇਸ਼ਨਜ਼ ਯੂਨਿਟ ਨੂੰ ਸੱਦਿਆ ਗਿਆ। ਐਸਆਈਯੂ ਨੂੰ ਕਿਸੇ ਮਾਮਲੇ ਦੀ ਜਾਂਚ ਲਈ ਉਸ ਸਮੇਂ ਸੱਦਿਆ ਜਾਂਦਾ ਹੈ ਜਦੋਂ ਕੋਈ ਪੁਲਿਸ ਅਧਿਕਾਰੀ ਮਾਮਲੇ ਵਿੱਚ ਸ਼ਾਮਲ ਹੋਵੇ। ਐਸਆਈਯੂ ਦੇ ਬੁਲਾਰੇ ਵੱਲੋਂ ਇਸ ਮਾਮਲੇ ਦੀ ਕੋਈ ਅਗਲੇਰੀ ਜਾਣਕਾਰੀ ਹਾਲ ਦੀ ਘੜੀ ਨਹੀਂ ਦਿੱਤੀ ਗਈ।

# ਅਮਰੀਕਾ ਵੱਲੋਂ ਲਾਈਆਂ ਪਾਬੰਦੀਆਂ ਨਾਲ ਸਾਰੇ ਡਿਪਲੋਮੈਟਿਕ ਰਾਹ ਬੰਦ ਹੋ ਜਾਣਗੇ : ਰੂਹਾਨੀ

ਤਹਿਰਾਨ, 25 ਜੂਨ (ਪੋਸਟ ਬਿਊਰੋ) : ਇਸਲਾਮਿਕ ਰਿਪਬਲਿਕ ਦੇ ਸੁਪਰੀਮ ਆਗੂ ਤੇ ਹੋਰਨਾਂ ਉੱਘੇ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਕਥਿਤ ਤੌਰ ਉੱਤੇ ਅਮਰੀਕਾ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਮੰਗਲਵਾਰ ਨੂੰ ਇਰਾਨ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ। ਇਰਾਨ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੇ ਸਖ਼ਤ ਮਾਪਦੰਡ ਚੁੱਕੇ ਜਾਣ ਕਾਰਨ ਦੋਵਾਂ ਦੇਸ਼ਾਂ ਦਰਮਿਆਨ ਡਿਪਲੋਮੈਟਿਕ ਸਬੰਧ ਹਮੇਸ਼ਾਂ ਲਈ ਖ਼ਤਮ ਹੋ ਸਕਦੇ ਹਨ। ਇਰਾਨ ਨੇ ਆਪਣੇ ਬਿਆਨ ਵਿੱਚ ਵ੍ਹਾਈਟ ਹਾਊਸ ਨੂੰ ਮਾਨਸਿਕ ਤੌਰ ਉੱਤੇ ਪਰੇਸ਼ਾਨੀ ਵਿੱਚ ਘਿਰਿਆ ਹੋਇਆ ਦੱਸਿਆ।



ਰਾਸ਼ਟਰਪਤੀ ਹਸਨ ਰੂਹਾਨੀ ਨੇ ਆਖਿਆ ਕਿ ਸੁਪਰੀਮ ਆਗੂ ਆਯਤੁੱਲਾਹ ਅਲੀ ਖਾਮੈਨੀ ਦੇ ਸੰਦਰਭ ਵਿੱਚ ਅਮਰੀਕਾ ਵੱਲੋਂ ਲਾਈਆਂ ਪਾਬੰਦੀਆਂ ਮੂਰਖਤਾਨਾ ਹਨ। ਖਾਸ ਤੌਰ ਉੱਤੇ ਉਸ ਸਮੇਂ ਜਦੋਂ 80 ਸਾਲਾ ਸ਼ੀਆ ਆਗੂ ਦੀ ਅਮਰੀਕਾ ਜਾਣ ਦੀ ਕੋਈ ਯੋਜਨਾ ਨਹੀਂ ਹੈ। ਇਜ਼ਰਾਈਲ ਤੋਂ ਟਰੰਪ ਦੇ ਨੈਸ਼ਨਲ ਸਕਿਊਰਿਟੀ ਸਲਾਹਕਾਰ ਜੌਹਨ ਬੋਲਟਨ ਨੇ ਆਖਿਆ ਕਿ ਅਮਰੀਕਾ ਨਾਲ ਗੱਲਬਾਤ ਅਜੇ ਵੀ ਸੰਭਵ ਹੈ ਤੇ ਅਮਰੀਕਾ ਅਜੇ ਵੀ ਇਰਾਨ ਨੂੰ ਹੋਰ ਮੌਕਾ ਦੇ ਰਿਹਾ ਹੈ।

ਪਰ ਤਹਿਰਾਨ ਤੋਂ ਟਿੱਪਣੀਆਂ ਤੋਂ ਇਹ ਸਪਸ਼ਟ ਹੋ ਗਿਆ ਕਿ ਉਸ ਦੇ ਆਗੂ ਦੂਜੀ ਤਰ੍ਹਾਂ ਸੋਚਦੇ ਹਨ। ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਕਾਰਨ ਅਮਰੀਕਾ ਤੇ ਇਰਾਨ ਦਰਮਿਆਨ ਪੈਦਾ ਹੋਏ ਤਣਾਅ ਵਿੱਚ ਉਦੋਂ ਹੋਰ ਵਾਧਾ ਹੋ ਗਿਆ ਜਦੋਂ ਪਿਛਲੇ ਹਫਤੇ ਇਰਾਨ ਨੇ ਅਮਰੀਕਾ ਦੇ ਸਰਵੇਅਲੈਂਸ ਡਰੋਨ ਨੂੰ ਫੁੰਡ ਸੁੱਟਿਆ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅੱਬਾਸ ਮੌਸਾਵੀ ਨੇ ਵੀ ਇਹੋ ਆਖਿਆ ਕਿ ਇਨ੍ਹਾਂ ਪਾਬੰਦੀਆਂ ਨਾਲ ਅਗਲੀ ਗੱਲਬਾਤ ਦੇ ਸਾਰੇ ਰਾਹ ਬੰਦ ਹੋ ਜਾਣਗੇ।

# ਕੇਂਦਰੀ ਜਾਂਚ ਏਜੰਸੀ ਐੱਨ ਆਈ ਏ ਦੀ ਮਜ਼ਬੂਤੀ ਲਈ ਕਾਨੂੰਨਾਂ ਵਿੱਚ ਸੋਧ ਨੂੰ ਪ੍ਰਵਾਨਗੀ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਕੇਂਦਰੀ ਕੈਬਨਿਟ ਨੇ ਭਾਰਤ ਵਿੱਚ ਅਤੇ ਇਸ ਤੋਂ ਬਾਹਰ ਅੱਤਵਾਦੀ ਕੇਸਾਂ ਦੀ ਜਾਂਚ ਕਰਨ ਵਾਲੀ ਕੇਂਦਰੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਹੋਰ ਮਜ਼ਬੂਤ ਬਣਾਉਣ ਲਈ ਦੋ ਹੋਰ ਕਾਨੂੰਨਾਂ 'ਚ ਸੋਧ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਹੈ, ਜਿਸ ਬਾਰੇ ਅਗਲੀ ਕਾਰਵਾਈ ਜਾਰੀ ਹੈ।

ਇਸ ਸੰਬੰਧੀ ਸਰਕਾਰ ਦੇ ਸੂਤਰਾਂ ਨੇ ਦੱਸਿਆ ਕਿ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਐਕਟ ਤੇ ਗੈਰ ਕਾਨੂੰਨੀ ਕਾਰਵਾਈਆਂ (ਰੋਕੂ) ਯੂ ਏ ਪੀ ਏ ਐਕਟ ਵਿੱਚ ਸੋਧ ਲਈ ਵੱਖ-ਵੱਖ ਬਿੱਲ ਅਗਲੇ ਦਿਨਾਂ ਵਿੱਚ ਪਾਰਲੀਮੈਂਟ ਵਿੱਚ ਪੇਸ਼ ਕੀਤੇ ਜਾਣਗੇ। ਇਨ੍ਹਾਂ ਸੋਧਾਂ ਨਾਲ ਐੱਨ ਆਈ ਏ ਨੂੰ ਸਾਈਬਰ ਕਰਾਈਮ ਤੇ ਮਨੁੱਖੀ ਤਸਕਰੀ ਵਿੱਚ ਜਾਂਚ ਦੀ ਇਜਾਜ਼ਤ ਵੀ ਮਿਲੇਗੀ। ਯੂ ਏ ਪੀ ਏ ਦੀ ਧਾਰਾ ਚਾਰ 'ਚ ਸੋਧ ਨਾਲ ਐੱਨ ਆਈ ਏ ਨੂੰ ਕਿਸੇ ਸ਼ੱਕੀ ਵਿਅਕਤੀ ਨੂੰ ਅੱਤਵਾਦ ਨਾਲ ਸੰਬੰਧਾਂ ਦੇ ਕੇਸ ਵਿੱਚ ਅੱਤਵਾਦੀ ਐਲਾਨਣ ਦੀ ਇਜਾਜ਼ਤ ਹੋਵੇਗੀ। ਮੌਜੂਦਾ ਐਕਟ 'ਚ ਸਿਰਫ ਸੰਗਠਨ ਨੂੰ ਹੀ ਅੱਤਵਾਦੀ ਐਲਾਨਿਆ ਜਾਂਦਾ ਹੈ। ਵਰਨਣ ਯੋਗ ਹੈ ਕਿ 2009 ਵਿੱਚ ਹੋਏ ਮੁੰਬਈ ਵਾਲੇ ਅੱਤਵਾਦੀ ਹਮਲੇ ਤੋਂ ਬਾਅਦ ਐਨ ਆਈ ਏ ਬਣਾਈ ਗਈ ਸੀ। ਕੇਂਦਰੀ ਮੰਤਰੀ ਮੰਡਲ ਨੇ ਕਿਸੇ ਵਿਅਕਤੀ ਦੀ ਪਛਾਣ ਲਈ ਡੀ ਐਨ ਏ ਤਕਨੀਕ ਦੀ ਵਰਤੋਂ ਨੂੰ ਕੰਟਰੋਲ ਕਰਨ ਸੰਬੰਧੀ ਡੀ ਐੱਨ ਏ ਪ੍ਰੋਫਾਈਲਿੰਗ ਬਿੱਲ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨੂੰ ਜਨਵਰੀ 'ਚ ਲੋਕ ਸਭਾ 'ਚ ਪੇਸ਼ ਕੀਤਾ ਗਿਆ ਸੀ, ਪਰ ਵਿਰੋਧੀ ਧਿਰ ਦੇ ਵਿਰੋਧ ਕਾਰਨ ਰਾਜ ਸਭਾ 'ਚ ਪਾਸ ਨਹੀਂ ਸੀ ਹੋ ਸਕਿਆ। ਇਸ ਕਾਨੂੰਨ ਨਾਲ ਇੱਕ ਨੈਸ਼ਨਲ ਡੀ ਐੱਨ ਏ ਡਾਟਾ ਬੈਂਕ ਤੇ ਖੇਤਰੀ ਡੀ ਐੱਨ ਏ ਡਾਟਾ ਬੈਂਕ ਸਥਾਪਤ ਕਰਨ ਦੀ ਯੋਜਨਾ ਹੈ।

# ਮੰਗਲ ਉੱਤੇ ਮਰਦਾਂ ਤੋਂ ਬਿਨਾਂ ਔਰਤਾਂ ਬੱਚਾ ਪੈਦਾ ਕਰ ਸਕਣਗੀਆਂ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਮੰਗਲ ਗ੍ਰਹਿ ਉਤੇ ਮਹਿਲਾ ਐਸਟ੍ਰੋਨਾਟਸ ਬਿਨਾਂ ਮਰਦ ਦੇ ਸਪਰਮ ਰਾਹੀਂ ਬੱਚੇ ਨੂੰ ਜਨਮ ਦੇ ਸਕਦੀਆਂ ਹਨ। ਇੱਕ ਖੋਜ ਤੋਂ ਪਤਾ ਲੱਗਾ ਹੈ ਕਿ ਬੇਹੱਦ ਘੱਟ ਗ੍ਰੈਵਿਟੀ ਵਿੱਚ ਵੀ ਸਪਰਮ ਸੁਰੱਖਿਅਤ ਰਹਿ ਸਕਦਾ ਹੈ। ਇਸ ਨਾਲ ਮੰਗਲ 'ਤੇ ਕਲੋਨੀਆਂ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ। ਇਸ ਖੋਜ ਦੇ ਮੁਤਾਬਕ ਫਰੋਜ਼ਨ ਸਪਰਮ ਬੇਹੱਦ ਘੱਟ ਗ੍ਰੈਵਿਟੀ 'ਚ ਸੁਰੱਖਿਅਤ ਪਾਏ ਗਏ। ਸਪਰਮ ਦੇ ਸੈਂਪਲ ਨੂੰ ਫਲਾਈਟ ਵਿੱਚ ਭੇਜਿਆ ਗਿਆ ਤੇ ਉਨ੍ਹਾਂ ਨੂੰ ਅੱਠ ਸੈਕਿੰਡ ਤੱਕ ਬੇਹੱਦ ਘੱਟ ਗ੍ਰੈਵਿਟੀ ਦਾ ਅਹਿਸਾਸ ਕਰਵਾਇਆ ਗਿਆ। ਪ੍ਰਕਿਰਿਆ ਵਿੱਚ 10 ਹੈਲਦੀ ਡੋਨਰ ਦੇ ਸਪਰਮ ਇਸਤੇਮਾਲ ਕੀਤੇ ਗਏ। ਵਿਆਨਾ ਵਿੱਚ ਯੂਰਪੀਅਨ ਸੋਸਾਇਟੀ ਆਫ ਹਿਊਮਨ ਰੀਪ੍ਰੋਡਕਸ਼ਨ ਐਂਡ ਐਂਬ੍ਰਿਓਲਾਜੀ ਦੀ ਸਾਲਾਨਾ ਮੀਟਿੰਗ ਵਿੱਚ ਇਹ ਜਾਣਕਾਰੀ ਸਾਹਮਣੇ ਆਈ।

# ਐਂਬੂਲੈਂਸ ਨੂੰ ਰਸਤਾ ਨਾ ਦੇਣ ਲਈ ਭਾਰੀ ਜੁਰਮਾਨਾ ਦੇਣਾ ਪਵੇਗਾ, ਨਵੇਂ ਨਿਯਮ ਜਾਰੀ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਸਰੀ ਸਰਕਾਰ ਨੇ ਕੱਲ੍ਹ ਸੋਮਵਾਰ 'ਮੋਟਰ ਵਾਹਨ ਕਾਨੂੰਨ-1988' ਵਿੱਚ ਸੋਧ ਪਾਸ ਕਰ ਦਿੱਤੀ ਹੈ। ਇਸ ਨਾਲ ਸੜਕ ਉੱਤੇ ਗੱਡੀ, ਸਕੂਟਰ-ਮੋਟਰਸਾਈਕਲ ਚਲਾਉਂਦੇ ਸਮੇਂ ਟ੍ਰੈਫਿਕ ਨਿਯਮ ਤੋੜਨ ਲਈ ਫੜੇ ਜਾਣ ਵਾਲਿਆਂ ਨੂੰ ਭਾਰੀ ਜੁਰਮਾਨਾ ਭਰਨਾ ਪਵੇਗਾ।

ਮੌਜੂਦਾ ਪਾਰਲੀਮੈਂਟ ਇਜਲਾਸ ਵਿੱਚ ਨਵਾਂ ਮੋਟਰ ਵਾਹਨ ਬਿੱਲ ਪੇਸ਼ ਕੀਤਾ ਜਾ ਸਕਦਾ ਹੈ। ਇਕ ਵਾਰ ਇਹ ਪਾਸ ਹੋਣ ਉੱਤੇ ਲੋਕਾਂ ਨੂੰ ਨਿਯਮ ਤੋੜਨ ਤੋਂ ਪਹਿਲਾਂ ਕਈ ਵਾਰ ਸੋਚਣਾ ਪਵੇਗਾ। ਇਸ ਵਿੱਚ ਐਂਬੂਲੈਂਸ, ਫਾਇਰ ਬ੍ਰਿਗੇਡ ਆਦਿ ਦੀ ਗੱਡੀ ਨੂੰ ਰਸਤਾ ਨਾ ਦੇਣ ਉੱਤੇ 10,000 ਰੁਪਏ ਤਕ ਜੁਰਮਾਨੇ ਦਾ ਪ੍ਰਬੰਧ ਹੈ। ਇਸੇ ਤਰ੍ਹਾਂ ਆਯੋਗ ਐਲਾਨੇ ਜਾ ਚੁੱਕੇ ਵਾਹਨ ਚਲਾਉਣ ਉੱਤੇ ਵੀ ਏਹੀ ਜੁਰਮਾਨਾ ਲੱਗੇਗਾ। ਸੂਤਰਾਂ ਮੁਤਾਬਕ ਲਾਇੰਸੈਂਸ ਤੇ ਰਜਿਸਟਰੇਸ਼ਨ ਸਰਟੀਫਿਕੇਟ (ਆਰ ਸੀ) ਲੈਣ ਲਈ ਆਧਾਰ ਕਾਰਡ ਜ਼ਰੂਰੀ ਹੋ ਸਕਦਾ ਹੈ। ਟ੍ਰੈਫਿਕ ਨਿਯਮ ਤੋੜਨ ਦਾ ਪਹਿਲੀ ਵਾਰ ਭਾਰੀ ਜੁਰਮਾਨਾ ਲੱਗੇਗਾ। ਕਿਸੇ ਨਾਬਾਲਗ ਵੱਲੋਂ ਗੱਡੀ, ਮੋਟਰਸਾਈਕਲ ਜਾਂ ਸਕੂਟਰ ਚਲਾਉਣ ਨਾਲ ਹਾਦਸਾ ਹੋਵੇ ਮਾਂ-ਬਾਪ ਜਾਂ ਜਿਸ ਦੇ ਨਾਂ ਉੱਤੇ ਗੱਡੀ ਹੈ, ਉਹ ਜ਼ਿੰਮੇਵਾਰ ਹੋਵੇਗਾ ਤੇ ਗੱਡੀ ਮਾਲਕ ਨੂੰ 25 ਹਜ਼ਾਰ ਰੁਪਏ ਨੂੰ ਜੁਰਮਾਨਾ ਲਾਉਣ ਨਾਲ ਤਿੰਨ ਸਾਲ ਤਕ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਵਾਹਨ ਦਾ ਰਜਿਸਟਰੇਸ਼ਨ ਵੀ ਰੱਦ ਹੋਵੇਗਾ। ਸ਼ਰਾਬ ਪੀ ਕੇ ਡਰਾਈਵਿੰਗ ਕਰਨ ਵਾਲੇ ਨੂੰ ਘੱਟੋ-ਘੱਟ 10,000 ਰੁਪਏ ਜੁਰਮਾਨਾ ਲੱਗੇਗਾ, ਜੋ ਹਾਲੇ 2,000 ਰੁਪਏ ਹੈ। ਖਰਾਬ ਡਰਾਈਵਿੰਗ ਦੇ ਲਈ ਜੁਰਮਾਨਾ 1,000 ਰੁਪਏ ਤੋਂ ਵਧ ਕੇ 5,000 ਰੁਪਏ ਹੋ ਜਾਵੇਗਾ। ਲਾਇੰਸੈਂਸ ਤੋਂ ਬਿਨਾਂ ਕੋਈ ਵੀ ਗੱਡੀ ਚਲਾਉਣ ਉੱਤੇ ਘੱਟੋ-ਘੱਟ 5,000 ਰੁਪਏ ਜੁਰਮਾਨਾ ਲੱਗੇਗਾ, ਜੋ ਹਾਲੇ 5,00 ਰੁਪਏ ਹੈ। ਓਵਰ ਸਪੀਡਿੰਗ ਵਾਸਤੇ 1,000-2,000 ਰੁਪਏ ਜੁਰਮਾਨਾ ਪਵੇਗਾ, ਜਿਸ ਲਈ ਹਾਲੇ 4,00 ਰੁਪਏ ਹਨ। ਸੀਟ ਬੈਲਟ ਨਾ ਬੰਨ੍ਹੀ ਤਾਂ 1,000 ਰੁਪਏ ਜੁਰਮਾਨਾ ਲੱਗੇਗਾ। ਡਰਾਈਵਿੰਗ ਕਰਦੇ ਮੋਬਾਈਲ ਉੱਤੇ ਗੱਲ ਕੀਤੀ ਤਾਂ 5,000 ਰੁਪਏ ਜੁਰਮਾਨਾ ਲੱਗੇਗਾ, ਯਾਨੀ ਅੱਜ ਨਾਲੋਂ ਪੰਜ ਗੁਣਾ ਵੱਧ ਦੇਣੇ ਪੈਣਗੇ। ਬਿਨਾਂ ਇੰਸ਼ੋਰੈਂਸ ਡਰਾਈਵਿੰਗ ਉੱਤੇ 2,000 ਰੁਪਏ ਜੁਰਮਾਨਾ ਅਤੇ ਬਿਨਾਂ ਹੈਲਮਟ ਦੇ 1,000 ਰੁਪਏ ਜੁਰਮਾਨਾ ਲਾਉਣ ਦੀ ਵਿਵਸਥਾ ਕੀਤੀ ਹੈ ਤੇ ਨਾਲ ਤਿੰਨ ਮਹੀਨੇ ਲਈ ਲਾਇੰਸੈਂਸ ਰੱਦ ਹੋਵੇਗਾ। ਨਿਯਮਾਂ ਦੀ ਦੇਖ-ਰੇਖ ਵਾਲੇ ਅਧਿਕਾਰੀਆਂ ਵੱਲੋਂ ਉਲੰਘਣਾ ਦਾ ਜੁਰਮਾਨਾ ਦੁੱਗਣਾ ਕੀਤਾ ਜਾਣ ਲੱਗ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic# 10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➜ Automatic & Manual Trucks
○1:1 Training
➜ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
• ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਜ਼ਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
• Uric Acid ਤੋਂ ਛੁਟਕਾਰਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
LAW
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਕੈਪਟਨ ਅਮਰਿੰਦਰ ਦੇ ਸਖ਼ਤ ਮੂਡ ਕਾਰਨ ਨਵਜੋਤ ਸਿੰਘ ਸਿੱਧੂ ਦੀ ਮੰਤਰੀ ਕੁਰਸੀ ਖਤਰੇ ਵਿੱਚ

## * ਸ਼ਿਕਵੇ ਦੂਰ ਹੋਣ ਪਿੱਛੋਂ ਸੋਨੀ ਨੇ ਅਹੁਦਾ ਸੰਭਾਲਿਆ



ਚੰਡੀਗੜ੍ਹ, 25 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਕੋਲ ਮੰਤਰੀ ਵਾਲਾ ਦਰਜ਼ਾ ਸ਼ਾਇਦ ਬਹੁਤੇ ਦਿਨ ਨਹੀਂ ਰਹਿਣ ਵਾਲਾ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਖਿੱਚੋਤਾਣ ਫ਼ੈਸਲੇ ਦੇ ਮੋੜ ਉੱਤੇ ਆ ਗਈਜਾਪਦੀ ਹੈ। ਐਕਸ਼ਨ ਲੈਣ ਦੇ ਸਿੱਧੇ ਮੂਡ ਵਿੱਚ ਆਏ ਮੁੱਖ ਮੰਤਰੀ ਅਮਰਿੰਦਰ ਸਿੰਘ ਕਾਂਗਰਸ ਹਾਈਕਮਾਨ ਨੂੰ ਸੰਕੇਤ ਜਾਰੀ ਕਰ ਦਿੱਤਾ ਹੈ ਕਿ ਸਿੱਧੂ ਦਾ ਵਿਹਾਰ ਬਰਦਾਸ਼ਤ ਕੀਤਾ ਜਾਣ ਵਾਲਾ ਨਹੀਂ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਹਾਈਕਮਾਨ ਨੂੰ ਕਿਹਾ ਹੈ ਕਿ ਨਵਜੋਤ ਸਿੰਘ ਸਿੱਧੂ ਆਪਣਾ ਨਵਾਂ ਵਿਭਾਗ ਸੰਭਾਲ ਲਵੇ ਜਾਂ ਉਸ ਦੀ ਥਾਂ ਨਵਾਂ ਮੰਤਰੀ ਬਣਾਇਆ ਜਾ ਸਕਦਾ ਹੈ। ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੇ ਨੇੜੂਆਂ ਉੱਤੇ ਵਿਜੀਲੈਂਸ ਘੇਰਾ ਵੀ ਕੱਸਣ ਲੱਗਾ ਹੈ। ਉਨ੍ਹਾਂ ਦੇ ਲੋਕਲ ਬਾਡੀਜ਼ ਮੰਤਰੀ ਹੋਣਸਮੇਂ ਦੇਕਈ ਮਹੱਤਵਪੂਰਨ ਪ੍ਰਾਜੈਕਟਾਂ ਦੀ ਅਲਾਟਮੈਂਟ ਵਿੱਚ ਬੇਨਿਯਮੀਆਂ ਹੋਈਆਂ ਹੋਣਦੀਆਂ ਕਈ ਸ਼ਿਕਾਇਤਾਂ ਵੀਮਿਲਣ ਲੱਗੀਆਂ ਹਨ ਅਤੇ ਵਿਜੀਲੈਂਸ ਬਿਊਰੋ ਨੇ ਉਨ੍ਹਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਮਝਿਆ ਜਾਂਦਾ ਹੈ ਕਿ ਇਸਕਾਰਵਾਈ ਦੌਰਾਨ ਨਵਜੋਤ ਸਿੰਘ ਸਿੱਧੂ ਦੇ ਕੁਝ ਕਰੀਬੀਨਿਸ਼ਾਨੇ ਉੱਤੇਆ ਸਕਦੇ ਹਨ।

ਵਰਨਣ ਯੋਗ ਹੈ ਕਿ ਕੈਬਨਿਟ ਮੰਤਰੀਆਂ ਦੇ ਵਿਭਾਗ ਬਦਲੇ ਜਾਣ ਦੇ 19 ਦਿਨ ਪਿੱਛੋਂ ਵੀ ਨਵਜੋਤ ਸਿੰਘ ਸਿੱਧੂ ਨੇ ਬਿਜਲੀ ਮੰਤਰੀ ਦਾ ਚਾਰਜਨਹੀਂ ਸੰਭਾਲਿਆ। ਅੱਜ ਕੱਲ੍ਹ ਪੰਜਾਬ ਵਿੱਚ ਝੋਨੇ ਦੀ ਲਵਾਈ ਦਾ ਸੀਜ਼ਨ ਜ਼ੋਰ ਦਾਹੋਣ ਕਾਰਨ ਬਿਜਲੀ ਦੀ ਮੰਗ ਲਗਾਤਾਰ ਵਧ ਰਹੀ ਹੈ ਤੇ ਇਸ ਮੌਕੇ ਬਿਜਲੀ ਮਹਿਕਮੇਂਦੇ ਮੰਤਰੀ ਦਾ ਹੋਣਾ ਜ਼ਰੂਰੀ ਹੈ, ਪਰ ਨਵਜੋਤ ਸਿੰਘ ਇਸ ਸਿੱਧੂ ਵਿਭਾਗ ਤੋਂਪਾਸਾ ਵੱਟੀ ਬੈਠੇ ਹਨ। ਬਿਜਲੀ ਵਿਭਾਗ ਦੇ ਅਧਿਕਾਰੀ ਲਗਾਤਾਰ ਉਨ੍ਹਾਂ ਨਾਲ ਸੰਪਰਕ ਦੇ ਯਤਨ ਕਰ ਰਹੇ ਹਨ ਤਾਂ ਕਿ ਉਨ੍ਹਾਂ ਨੂੰ ਫਾਈਲਾਂ ਭੇਜ ਸਕਣ, ਪਰ ਨਵਜੋਤ ਸਿੰਘ ਸਿੱਧੂ ਕੋਈ ਜਵਾਬ ਨਹੀਂ ਦੇਂਦੇ ਤੇ ਹਾਰ ਕੇਇਸ ਵਿਭਾਗ ਦੇ ਅਫਸਰਾਂ ਨੇ ਇਹੋ ਫਾਈਲਾਂ ਮੁੱਖ ਮੰਤਰੀ ਦੇ ਦਫਤਰ ਵੱਲ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਅੱਗੋਂ ਮੁੱਖ ਮੰਤਰੀ ਨੇ ਇਨ੍ਹਾਂ ਫਾਈਲਾਂ ਦਾ ਨਿਪਟਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਓਮ ਪ੍ਰਕਾਸ਼ ਸੋਨੀ ਦੀ ਨਾਰਾਜ਼ਗੀ ਦਾ ਮੁੱਦਾ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੱਲ ਕਰ ਲਿਆ ਅਤੇ ਸੋਨੀ ਨੇ ਮੈਡੀਕਲ ਐਜੂਕੇਸ਼ਨ, ਫੂਡ ਪ੍ਰੋਸੈੱਸਿੰਗ ਤੇ ਸੁਤੰਤਰਤਾ ਸੈਨਾਨੀ ਵਿਭਾਗ ਦਾ ਜ਼ਿੰਮਾ ਸੰਭਾਲ ਲਿਆ ਹੈ।ਪਾਰਲੀਮੈਂਟ ਚੋਣਾਂ ਦੇ ਨਤੀਜੇ ਤੋਂ ਕੁਝ ਦਿਨ ਮਗਰੋਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ 13 ਮੰਤਰੀਆਂ ਦੇ ਵਿਭਾਗ ਬਦਲੇ ਸਨ। ਇਸ ਤਬਦੀਲੀ ਤੋਂ ਸਭ ਤੋਂ ਵੱਧ ਨਾਰਾਜ਼ ਓਦੋਂ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਸਿੱਖਿਆ ਮੰਤਰੀ ਓਪੀ ਸੋਨੀ ਹੋਏ ਸਨ। ਬਾਕੀ ਮੰਤਰੀਆਂ ਨੇ ਜਦੋਂ ਨਵੇਂ ਵਿਭਾਗਾਂ ਦਾ ਚਾਰਜ ਲੈ ਲਿਆ, ਇਨ੍ਹਾਂ ਦੋਵਾਂ ਨੇ 18 ਦਿਨਾਂ ਬਾਅਦ ਵੀ ਚਾਰਜ ਨਹੀਂ ਸੀ ਲਿਆ। ਅੱਜ ਸੋਨੀ ਨੇ ਇਸ ਦਾ ਚਾਰਜ ਲੈ ਲਿਆ ਹੈ।

# ਡੇਰਾ ਪ੍ਰੇਮੀ ਬਿੱਟੂ ਕਤਲ ਕੇਸ: ਖ਼ੁਫ਼ੀਆ ਏਜੰਸੀ ਨੇ ਪਟਿਆਲਾ ਤੋਂ ਇਕ ਹੋਰ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆ

ਪਟਿਆਲਾ, 25 ਜੂਨ, (ਪੋਸਟ ਬਿਊਰੋ)- ਨਾਭਾ ਦੀ ਹਾਈ ਸਕਿਓਰਟੀ ਜੇਲ੍ਹ ਅੰਦਰ ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਪਿਛਲੇ ਦਿਨੀਂ ਹੋਏ ਕਤਲ ਬਾਰੇ ਖ਼ੁਫ਼ੀਆ ਏਜੰਸੀਆਂ ਵੀ ਸਰਗਰਮ ਹਨ। ਅੱਜ ਇਸੇ ਸਰਗਰਮੀ ਤਹਿਤ ਖ਼ੁਫ਼ੀਆ ਏਜੰਸੀ ਅਤੇ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ (ਓਕੂ) ਦੀ ਟੀਮ ਪਟਿਆਲਾ ਪੁੱਜੀ ਤੇ ਉਨ੍ਹਾਂ ਨੇ ਇਸ ਕੇਸ ਦੀ ਵੱਖ-ਵੱਖ ਪੱਖਾਂ ਤੋਂਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਸ਼ੇਸ਼ ਟੀਮਾਂ ਨੇ ਰਿਮਾਂਡ ਉੱਤੇ ਚੱਲ ਰਹੇ ਇਸ ਕੇਸ ਦੇ ਦੋਸ਼ੀਆਂ ਤੋਂਅੱਜ ਸੀ ਆਈ ਏ ਸਟਾਫ ਵਿਚ ਪੁੱਛਗਿੱਛ ਵੀ ਕੀਤੀ ਹੈ।

ਪੁਲਸ ਦੇ ਅਧਿਕਾਰੀਆਂ ਅਨੁਸਾਰ ਅੱਜ ਮੰਗਲਵਾਰ ਨੂੰ ਇੰਟੈਲੀਜੈਂਸ ਤੇ ਓਕੂ ਦੀਆਂ ਟੀਮਾਂ ਦੇ ਅਧਿਕਾਰੀ ਏਥੇ ਸੀਆਈਏ ਸਟਾਫ ਵਿੱਚ ਪੁੱਜੇ ਤੇ ਕਤਲ ਕੇਸ ਵਿੱਚ ਰਿਮਾਂਡ ਉੱਤੇ ਲਿਆਂਦੇ ਦੋਵਾਂਕੈਦੀਆਂ ਮਨਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਤੋਂ ਪੁੱਛਗਿੱਛ ਕੀਤੀ। ਇਸ ਦੌਰਾਨ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਂਦੇ ਦੋ ਹੋਰ ਕੈਦੀਆਂ ਲੱਖਾ ਤੇ ਹੈਪੀ ਨੂੰ ਵੀ ਸਵਾਲ ਕੀਤੇ ਦੱਸੇ ਗਏ ਹਨ ਅਤੇ ਇਸ ਕੰਮ ਵਿੱਚ ਕਾਫੀ ਸਮਾਂ ਲੱਗਾ ਹੈ।

ਅੱਜ ਹੀ ਇਸ ਕੇਸ ਦੇ ਸੰਬੰਧ ਵਿੱਚ ਸੀਆਈ ਏ ਸਟਾਫ-1 ਦੀ ਟੀਮ ਨੇ ਨਾਭਾ ਦੀ ਨਵੀਂ ਜੇਲ੍ਹ ਵਿੱਚੋਂ ਇਕ ਹੋਰ ਕੈਦੀ ਨੂੰ ਪੁੱਛਗਿਛ ਲਈ ਹਿਰਾਸਤ ਵਿਚ ਲਿਆ ਹੈ। ਸੀਆਈਏ ਟੀਮ ਜਸਪ੍ਰੀਤ ਉਰਫ ਕੁਲਵਿੰਦਰ ਸਿੰਘ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਈ ਹੈ। ਉਸ ਦੇ ਖ਼ਿਲਾਫ਼ ਸਾਲ 2016 ਵਿਚ ਅਸਲਾ ਐਕਟ ਦਾ ਕੇਸਦਰਜ ਹੋਇਆ ਸੀ, ਜਿਸ ਬਾਰੇ ਉਹ ਨਾਭਾ ਦੀ ਨਵੀਂ ਜੇਲ੍ਹ ਵਿਚ ਬੰਦ ਹੈ। ਮਨਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਦੇ ਰਿਮਾਂਡ ਦੇ ਦੂਸਰੇ ਦਿਨ ਕੁਲਵਿੰਦਰ ਸਿੰਘ ਦਾ ਨਾਮ ਆਇਆ ਤਾਂ ਪੁਲਿਸ ਨੇ ਉਸ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਅੱਜ ਪੂਰਾ ਦਿਨ ਇੱਕਹੋਰ ਨੌਜਵਾਨ ਨੂੰ ਮੁਹਾਲੀ ਵਿੱਚ ਫੜੇ ਜਾਣ ਦੀ ਚਰਚਾ ਵੀ ਹੁੰਦੀ ਰਹੀ, ਪਰ ਪਟਿਆਲਾ ਪੁਲਿਸ ਨੇ ਇਸ ਤੋਂ ਇਨਕਾਰ ਕੀਤਾ ਹੈ।

ਪਤਾ ਲੱਗਾ ਹੈ ਕਿ ਜੇਲ੍ਹ ਵਿਚ ਜਦੋਂ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਉੱਤੇ ਹਮਲਾ ਹੋਇਆ ਸੀ ਤਾਂ ਉਸ ਨਾਲ ਇਕ ਹੋਰ ਸਾਥੀ ਮੌਜੂਦ ਸੀ, ਜਿਸਨੇ ਉਸ ਨੂੰ ਬਚਾਉਣ ਦੀ ਕੋਸਿਸ਼ ਕੀਤੀ ਸੀ। ਜਾਣਕਾਰ ਸੂਤਰਾਂ ਅਨੁਸਾਰ ਬਿੱਟੂ ਆਪਣੇ ਇਸ ਸਾਥੀ ਨਾਲ ਸੈੱਲ ਤੋਂ ਬਾਹਰ ਸਾਮਾਨ ਲੈਣ ਗਿਆ ਸੀ। ਰਸਤੇ ਵਿਚ ਗੁਰਸੇਵਕ ਸਿੰਘ ਤੇ ਮਨਿੰਦਰ ਸਿੰਘ ਨੇ ਮਹਿੰਦਰਪਾਲ ਬਿੱਟੂ ਨੂੰ ਨਿਸ਼ਾਨਾ ਬਣਾਇਆ ਤਾਂ ਬਿੱਟੂ ਦੇ ਸਾਥੀ ਨੇ ਹਮਲਾ ਕਰਨ ਵਾਲਿਆਂ ਵਿਚੋਂ ਇਕ ਨੂੰ ਜੱਫਾ ਮਾਰ ਲਿਆ, ਪ੍ਰੰਤੂ ਉਸ ਦੌਰਾਨ ਦੂਸਰੇ ਹਮਲਾਵਰ ਨੇ ਬਿੱਟੂਦੇ ਸਿਰ ਉੱਤੇ ਲਗਾਤਾਰ ਵਾਰ ਕਰ ਕੇ ਉਸ ਨੂੰ ਮਾਰ ਦਿੱਤਾ ਸੀ।

# ਟ੍ਰੈਵਲ ਏਜੰਟ ਦੀ ਖੋਹੀ ਗੱਡੀ ਮੈਕਸੀਕੋ ਵਿੱਚ ਫਸੇ ਹੋਏ ਨੌਜਵਾਨ ਦੇ ਘਰੋਂ ਬਰਾਮਦ

ਜਲੰਧਰ, 25 ਜੂਨ (ਪੋਸਟ ਬਿਊਰੋ)- ਮੈਕਸੀਕੋ ਭੇਜ ਕੇ ਨੌਜਵਾਨ ਨੂੰ ਫਸਾਉਣ ਦੇ ਦੋਸ਼ ਲਾਉਣ ਪਿੱਛੋਂ ਏਜੰਟਾਂ ਦੀ ਖੋਹੀ ਗੱਡੀ ਪੁਲਸ ਨੇ ਉਸ ਨੌਜਵਾਨ ਦੇ ਘਰ ਤੋਂ ਬਾਰਮਦ ਕਰ ਲਈ ਹੈ। ਇਸ ਦੇ ਬਾਅਦ ਪੁਲਸ ਨੇ ਮੈਕਸੀਕੋ ਵਿੱਚ ਫਸੇ ਹੋਏ ਨੌਜਵਾਨ ਦੀ ਮਾਂ ਸਮੇਤ ਕੁੱਲ ਪੰਜ ਜਣਿਆਂ ਉੱਤੇ ਲੁੱਟ ਦਾ ਕੇਸ ਦਰਜ ਕਰ ਕੇ ਛਾਪਾ ਮਾਰਿਆ, ਪਰ ਸਾਰੇ ਫਰਾਰ ਹੋ ਚੁੱਕੇ ਹਨ। ਪੁਲਸ ਦਾ ਕਹਿਣਾ ਹੈ ਕਿ ਜਲਦੀ ਹੀ ਸਾਰਿਆਂ ਨੂੰ ਫੜ ਲਿਆ ਜਾਵੇਗਾ।

ਇਸ ਸੰਬੰਧ ਵਿੱਚ ਏ ਸੀ ਪੀ ਸਕਿਓਰਿਟੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੇਰ ਰਾਤ ਗੱਡੀ ਬਰਾਮਦ ਕਰ ਲਈ ਅਤੇ ਮੈਕਸੀਕੋ ਵਿੱਚ ਫਸੇ ਹੋਏ ਗੁਰਪਾਲ ਸਿੰਘ ਦੀ ਮਾਂ ਸ਼ਰਨਜੀਤ ਕੌਰ ਵਾਸੀ ਨਿਜਾਮਪੁਰ, ਸ਼ੇਰਾ ਅਤੇ ਤਿੰਨ ਅਣਪਛਾਤੇ ਲੋਕਾਂ ਉੱਤੇ ਲੁੱਟ ਦਾ ਕੇਸ ਦਰਜ ਕਰ ਲਿਆ ਹੈ। ਸ਼ਰਨਜੀਤ ਕੌਰ ਦੇ ਘਰ ਛਾਪਾ ਮਾਰਿਆ ਸੀ ਤਾਂ ਉਹ ਘਰ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਉਸ ਨੂੰ ਗ੍ਰਿਫਤਾਰ ਕਰ ਕੇ ਬਾਕੀ ਤਿੰਨ ਅਣਪਛਾਤੇ ਲੋਕਾਂ ਦੀ ਪਛਾਣ ਸ਼ਰਨਜੀਤ ਕੌਰ ਕੋਲੋਂ ਕਰਾਈ ਜਾਵੇਗੀ। ਵਰਨਣ ਯੋਗੇ ਕਿ ਸ਼ਰਨਜੀਤ ਕੌਰ ਨੇ ਆਪਣੇ ਬੇਟੇ ਗੁਰਪਾਲ ਸਿੰਘ ਨੂੰ ਅਮਰੀਕਾ ਭੇਜਣ ਲਈ ਟਰੈਵਲ ਏਜੰਟ ਕੁਲਦੀਪ ਸਿੰਘ ਤੇ ਅਮਰਜੀਤ ਕੌਰ ਨਾਲ ਸੰਪਰਕ ਕੀਤਾ ਸੀ। ਇਨ੍ਹਾਂ ਦੋਵਾਂ ਨੇ ਸ਼ਰਨਜੀਤ ਕੌਰ ਤੋਂ ਲੱਖਾਂ ਰੁਪਏ ਲੈ ਕੇ ਗੁਰਪਾਲ ਸਿੰਘ ਨੂੰ ਮੈਕਸੀਕੋ ਭੇਜ ਦਿੱਤਾ, ਜਿੱਥੇ ਉਹ ਫਸ ਗਿਆ। ਉਦੋਂ ਤੋਂ ਸ਼ਰਨਜੀਤ ਕੌਰ ਅਤੇ ਏਜੰਟਾਂ ਦਾ ਵਿਵਾਦ ਚੱਲ ਰਿਹਾ ਸੀ। ਸ਼ਨੀਵਾਰ ਦੀ ਸ਼ਾਮ ਨੰਦਨਪੁਰ ਪਾਰਕ ਕੋਲ ਦੋਵੇਂ ਧਿਰਾਂ ਆਹਮੋ-ਸਾਹਮਣੇ ਹੋਈਆਂ ਤਾਂ ਸ਼ਰਨਜੀਤ ਕੌਰ ਦੇ ਕਹਿਣ ਉੱਤੇ ਸ਼ੇਰਾ ਤੇ ਤਿੰਨ ਅਣਪਛਾਤੇ ਲੋਕਾਂ ਨੇ ਏਜੰਟਾਂ ਦੀ ਟਾਟਾ ਨੈਕਸਨ ਗੱਡੀ ਖੋਹ ਲਈ ਅਤੇ ਭਜਾ ਕੇ ਲੈ ਗਏ। ਥਾਣਾ ਨੰਬਰ ਇੱਕ ਵਿੱਚ ਦੋਵਾਂ ਏਜੰਟਾਂ ਦੇ ਬਿਆਨਾਂ 'ਤੇ ਲੁੱਟ ਦਾ ਕੇਸ ਦਰਜ ਕੀਤਾ ਗਿਆ ਸੀ।

# ਗੁਜਰਾਤ ਰਾਜ ਸਭਾ ਚੋਣਾਂ: ਸੁਪਰੀਮ ਕੋਰਟ ਵਿੱਚ ਕਾਂਗਰਸ ਪਾਰਟੀ ਦੀ ਅਰਜ਼ੀ ਰੱਦ

ਨਵੀਂ ਦਿੱਲੀ, 25 ਜੂਨ, (ਪੋਸਟ ਬਿਊਰੋ)- ਗੁਜਰਾਤ ਤੋਂ ਰਾਜ ਸਭਾ ਦੀਆਂ ਖਾਲੀ ਹੋਈਆਂ 2 ਸੀਟਾਂ ਦੀ ਇਕੱਠੀ ਚੋਣ ਦੀ ਮੰਗ ਵਾਸਤੇ ਸੁਪਰੀਮ ਕੋਰਟ ਗਈ ਕਾਂਗਰਸ ਪਾਰਟੀ ਨੂੰ ਝਟਕਾ ਲੱਗਾ ਹੈ। ਸੁਪਰੀਮ ਕੋਰਟ ਨੇ ਦਖਲ ਦੇਣ ਤੋਂ ਇਨਕਾਰ ਕਰ ਕੇ ਚੋਣ ਕਮਿਸ਼ਨ ਨੂੰ 2 ਸੀਟਾਂ ਉੱਤੇ ਵੱਖੋ-ਵੱਖ ਚੋਣਾਂ ਕਰਵਾਉਣ ਦੀ ਹਰੀ ਝੰਡੀ ਦੇ ਦਿੱਤੀ ਹੈ।

ਅੱਜ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਨੇ ਕਾਂਗਰਸ ਪਾਰਟੀ ਨੂੰ ਕਿਹਾ ਕਿ ਚੋਣ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਅਸੀਂ ਦਖਲ ਨਹੀਂ ਦੇ ਸਕਦੇ, ਤੁਸੀਂ ਚੁਣੌਤੀ ਦੇਣੀ ਹੋਵੇ ਤਾਂ ਬਾਅਦ ਵਿੱਚ ਚੋਣ ਪਟੀਸ਼ਨ ਦਾਇਰ ਕਰ ਸਕਦੇ ਹੋ। ਕੋਰਟ ਨੇ ਕਿਹਾ ਕਿ ਚੋਣਾਂ ਲੜਨਾ ਕਿਸੇ ਦਾ ਸੰਵਿਧਾਨ ਮੁਤਾਬਕ ਮੁੱਢਲਾ ਅਧਿਕਾਰ ਨਹੀਂ, ਇਹ ਵਿਧਾਨਕ ਅਧਿਕਾਰ ਹੈ। ਇਸ ਆਧਾਰ ਉੱਤੇ ਤੁਸੀਂਇਸ ਚੋਣ ਬਾਰੇ ਰਿਟ ਨਹੀਂ ਕਰ ਸਕਦੇ।

ਵਰਨਣ ਯੋਗ ਹੈ ਕਿ ਗ੍ਰਹਿ ਮੰਤਰੀ ਅਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦੇ ਲੋਕ ਸਭਾ ਮੈਂਬਰ ਬਣ ਜਾਣ ਨਾਲ ਖਾਲੀ ਹੋਈਆਂ ਦੋਵਾਂ ਸੀਟਾਂ ਲਈ 5 ਜੁਲਾਈ ਨੂੰ ਵੋਟਿੰਗ ਹੋਵੇਗੀ ਤੇ ਦੋਵਾਂ ਸੀਟਾਂ ਲਈ ਚੋਣ ਕਮਿਸ਼ਨ ਨੇ ਵੱਖੋ-ਵੱਖ ਵੋਟਿੰਗ ਕਰਵਾਉਣ ਦਾ ਫੈਸਲਾ ਲਿਆ ਹੈ।ਚੋਣ ਕਮਿਸ਼ਨ ਦੀ 15 ਜੂਨ ਦੀ ਪ੍ਰੈੱਸ ਰਿਲੀਜ਼ ਦੇ ਅਨੁਸਾਰ ਦੋਵਾਂ ਸੀਟਾਂ ਲਈ ਚੋਣਾਂ 5 ਜੁਲਾਈ ਨੂੰ ਹੋਣੀਆਂ ਹਨ, ਪਰ ਦੋਵਾਂ ਲਈ ਵੋਟਾਂ ਵੱਖ-ਵੱਖ ਪੈਣਗੀਆਂ, ਇਸ ਲਈ ਵਿਧਾਇਕ ਇਕੋ ਵਾਰ ਦੋਵਾਂ ਸੀਟਾਂ ਲਈ ਵੋਟ ਨਹੀਂ ਪਾ ਸਕਦੇ। ਇਸ ਫੈਸਲੇ ਨੂੰ ਗੁਜਰਾਤ ਕਾਂਗਰਸ ਦੇ ਨੇਤਾ ਪਰੇਸ਼ ਭਾਈ ਧਨਾਨੀ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

ਭਾਜਪਾ ਨੇ ਇਨ੍ਹਾਂ ਦੋਵਾਂ ਸੀਟਾਂ ਲਈ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਨੇਤਾ ਕਹੇ ਜਾਂਦੇ ਜੁਗਲਜੀ ਠਾਕੋਰ ਨੂੰ ਉਮੀਦਵਾਰ ਬਣਾਇਆ ਹੈ। ਚੋਣ ਕਮਿਸ਼ਨ ਨੇ ਸਾਫ ਕੀਤਾ ਕਿ ਰਾਜ ਸਭਾ ਸਣੇਪਾਰਲੀਮੈਂਟ ਦੀਆਂ ਸਾਰੀਆਂ ਖਾਲੀ ਸੀਟਾਂ ਉੱਤੇ ਉੱਪ ਚੋਣ ਲਈ ਉਨ੍ਹਾਂ ਨੂੰ ਵੱਖੋ-ਵੱਖ ਸੀਟਾਂ ਮੰਨਿਆ ਜਾਵੇਗਾ ਅਤੇ ਵੱਖੋ-ਵੱਖ ਨੋਟੀਫਿਕੇਸ਼ਨ ਜਾਰੀ ਹੋਵੇਗਾ ਤੇ ਚੋਣਾਂ ਵੀ ਵੱਖੋ-ਵੱਖ ਹੋਣਗੀਆਂ, ਇਨ੍ਹਾਂ ਦਾ ਚੋਣ ਪ੍ਰੋਗਰਾਮ ਬੇਸ਼ੱਕਇੱਕੋ ਜਿਹਾ ਹੋ ਸਕਦਾ ਹੈ।

# ਗੁਰੂ ਨਾਨਕ ਪੁਰਬ: ਪੰਜਾਬ ਦੇ ਮੰਤਰੀਆਂ ਦਾ ਗਰੁੱਪ ਅਕਾਲ ਤਖ਼ਤ ਦੇ ਜਥੇਦਾਰ ਨੂੰ 29 ਜੂਨ ਨੂੰ ਮਿਲੇਗਾ

ਚੰਡੀਗੜ੍ਹ, 25 ਜੂਨ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲਿਆਂ ਵਾਸਤੇ ਮੰਤਰੀ ਚਰਨਜੀਤ ਸਿੰਘ ਚੰਨੀ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਓਮ ਪ੍ਰਕਾਸ਼ ਸੋਨੀ ਅਤੇ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾਦੀ ਤਿੰਨ ਮੰਤਰੀਆਂ ਦੀ ਟੀਮ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਨੂੰ ਮਨਾਉਣ ਬਾਰੇ 29 ਜੂਨ ਨੂੰ ਅੰਮ੍ਰਿਤਸਰ ਵਿਖੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਭੇਟ ਕਰਨ ਜਾਵੇਗੀ। ਉਸੇ ਦਿਨ ਮੰਤਰੀਆਂ ਦੀ ਇਹ ਟੀਮ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਮਿਲ ਕੇ ਗੁਰੂ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਬਾਰੇ ਸਹਿਯੋਗ ਮੰਗੇਗੀ।

ਇਸ ਬਾਰੇ ਫੈਸਲਾ ਅੱਜ ਏਥੇ ਸੈਰ ਸਪਾਟਾ ਤੇ ਸੱਭਿਆਚਾਰ ਵਿਭਾਗ ਦੇ ਦਫਤਰ ਵਿਖੇ ਮੰਤਰੀਆਂ ਦੇ ਗਰੁੱਪ (ਜੀ ਓ ਐੱਮ) ਦੀ ਮੀਟਿੰਗ ਵਿਚ ਲਿਆ ਗਿਆ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਾਂਝੇ ਤੌਰ ਉੱਤੇ ਮਨਾਏ ਜਾਣ ਲਈ ਰਾਜ ਸਰਕਾਰ ਦੀ ਮਦਦ ਵਾਸਤੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇਮੰਤਰੀਆਂ ਦਾ ਗਰੁੱਪ ਬਣਾਇਆ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਤੱਕ ਪਹੁੰਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਗਰੁੱਪ ਦੀ ਅੱਜ ਮੀਟਿੰਗ ਦੇ ਸੰਬੰਧ ਵਿੱਚ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੀਟਿੰਗ ਵਿੱਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਗੱਲ ਕਰ ਕੇ ਸਮਾਂ ਮੰਗਿਆ ਸੀ ਅਤੇ 29 ਜੂਨ ਨੂੰ ਭੇਟ ਕਰਨ ਦਾ ਫ਼ੈਸਲਾ ਹੋਇਆ ਹੈ।ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਮੰਤਰੀਆਂ ਦਾ ਇਹ ਗਰੁੱਪ ਅਕਾਲ ਤਖਤ ਦੇ ਜਥੇਦਾਰ ਨਮੂ 29 ਜੂਨ ਨੂੰ ਮਿਲਕੇ ਉਨ੍ਹਾਂਤੋਂ ਪ੍ਰਕਾਸ ਪੁਰਬ ਮਨਾਉਣ ਲਈ ਅਗਵਾਈ ਮੰਗੇਗਾ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਸਹਿਯੋਗ ਦੀ ਮੰਗ ਕਰੇਗਾ।

# ਵਿਰੋਧ ਦੀ ਅਵਾਜ਼ ਕੁਚਲਣ ਲਈ ਪਾਕਿ ਵੱਲੋਂ ਬਲੋਚਾਂ ਨੂੰ ਗ਼ਾਇਬ ਕਰਵਾਉਣ ਦੇ ਦੋਸ਼ ਲੱਗੇ

ਜਨੇਵਾ, 25 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਉੱਤੇ ਆਪਣੇ ਹੀ ਦੇਸ਼ ਦੇ ਬਲੋਚਿਸਤਾਨੀ ਲੋਕਾਂ ਉੱਤੇ ਸਖ਼ਤ ਜ਼ੁਲਮ ਕਰਨ ਦਾ ਦੋਸ਼ ਇੱਕ ਵਾਰ ਫਿਰ ਲਾਇਆ ਗਿਆ ਹੈ। ਇਕ ਬਲੋਚ ਆਗੂ ਨੇ ਕਿਹਾ ਹੈ ਕਿ ਪਾਕਿ-ਸਤਾਨ ਸਰਕਾਰ ਦੇ ਖ਼ਿਲਾਫ਼ ਵਿਰੋਧੀ ਆਵਾਜ਼ਾਂ ਕੁਚਲਣ ਲਈ ਬਲੋਚਾਂ, ਪਸ਼ਤੂਨਾਂ, ਮੁਹਾਜਿਰਾਂ, ਸਿੰਧੀਆਂ ਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਲੋਕਾਂ ਨੂੰ ਅਗਵਾ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੀਆਂ ਗੋ.ਲੀਆਂ ਨਾਲ ਛਾਨਣੀ ਹੋਈਆਂ ਲਾਸ਼ਾਂ ਮਿਲੀਆਂ ਹਨ।

ਬਲੋਚ ਰਿਪਬਲਿਕਨ ਪਾਰਟੀ ਦੇ ਪ੍ਰਧਾਨ ਬੁਗਤੀ ਨੇ ਅੱਜ ਏਥੇ ਕਿਹਾ ਕਿ ਇਕ ਪਾਸੇ ਪਾਕਿਸਤਾਨ ਸੰਸਾਰ ਦੇ ਲੋਕਾਂ ਨੂੰ ਜ਼ਬਰਦਸਤੀ ਗ਼ਾਇਬ ਕੀਤੇ ਜਾਣ ਦੇ ਖ਼ਿਲਾਫ਼ ਕੌਮਾਂਤਰੀ ਸਮਝੌਤੇ ਉੱਤੇਦਸਖਤ ਕਰਨ ਵਾਲੇ ਦੇਸ਼ਾਂ ਵਿੱਚ ਹੈ ਅਤੇ ਦੂਜੇ ਪਾਸੇ ਉਹ ਲੋਕਾਂ ਨੂੰ ਅਗਵਾ ਕਰ ਰਿਹਾ ਹੈ। ਬਲੋਚ ਰਿਪਬਲਿਕਨ ਪਾਰਟੀ ਤੇ ਵਰਲਡ ਬਲੋਚ ਆਰਗੇਨਾਈਜ਼ੇਸ਼ਨ ਨੇ ਇਸ ਸਬੰਧ ਵਿੱਚ ਕੌਮਾਂਤਰੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਹੈ। ਬੁਗਤੀ ਨੇ ਕਿਹਾ, 'ਅਸੀਂ ਇਸ ਬਾਰੇ ਕੌਮਾਂਤਰੀ ਭਾਈਚਾਰੇ ਨੂੰ ਬੇਨਤੀ ਕਰਦੇ ਹਾਂ ਕਿ ਉਹ ਪਾਕਿਸਤਾਨ ਵਿੱਚ ਬਲੋਚਾਂਅਤੇ ਹੋਰਨਾਂ ਲੋਕਾਂ ਨੂੰ ਜ਼ਬਰਦਸਤੀ ਗ਼ਾਇਬ ਕੀਤੇ ਜਾਣ ਦੇ ਖ਼ਿਲਾਫ਼ ਕਾਰਵਾਈ ਕਰਨ।'

ਪਾਕਿਸਤਾਨ ਸਰਕਾਰ ਵੱਲੋਂ ਬਣਾਏ ਇਕ ਕਮਿਸ਼ਨ ਮੁਤਾਬਕ ਸਾਲ 2014 ਤੋਂ ਲੋਕਾਂ ਨੂੰ ਗ਼ਾਇਬ ਕਰਨ ਦੇ ਪੰਜ ਹਜ਼ਾਰ ਤੋਂ ਵੱਧ ਕੇਸ ਹੋਏ ਹਨ, ਪਰ ਸਥਾਨਕ ਤੇ ਕੌਮਾਂਤਰੀ ਸੰਸਥਾਵਾਂ ਦੇ ਆਜ਼ਾਦ ਅੰਦਾਜ਼ੇ ਮੁਤਾਬਕ ਗ਼ਾਇਬ ਹੋਏ ਲੋਕਾਂ ਦੀ ਗਿਣਤੀ 20 ਹਜ਼ਾਰ ਦੇ ਨੇੜੇ ਹੈ। ਇਨ੍ਹਾਂ ਵਿੱਚੋਂ ਢਾਈ ਹਜ਼ਾਰ ਲੋਕਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ, ਜਿਨ੍ਹਾਂ ਦੇ ਉੱਤੇ ਗੋਲੀਆਂ ਮਾਰਨਅਤੇ ਤਸੀਹੇ ਦੇਣ ਦੇ ਜ਼ਖਮ ਸਨ। ਵਰਨਣ ਯੋਗ ਹੈ ਕਿ ਇਸ ਸਮੱਸਿਆ ਵੱਲ ਸੰਸਾਰ ਦਾ ਧਿਆਨ ਖਿੱਚਣ ਲਈ ਬਲੋਚ ਰਿਪਬਲਿਕਨ ਪਾਰਟੀ ਅਤੇ ਵਰਲਡ ਬਲੋਚ ਆਰਗੇਨਾਈਜ਼ੇਸ਼ਨ ਨੇ ਐਤਵਾਰ ਨੂੰ ਲੰਡਨ ਵਿੱਚ ਲਾਰਡ ਕ੍ਰਿਕਟ ਸਟੇਡੀਅਮ ਅੱਗੇ ਪ੍ਰਦਰਸ਼ਨ ਕੀਤਾ ਸੀ, ਜਦੋਂ ਵਿਸ਼ਵ ਕੱਪ ਵਿੱਚ ਪਾਕਿਸਤਾਨ ਦਾ ਮੈਚ ਹੋ ਰਿਹਾ ਸੀ। ਪਾਕਿਸਤਾਨ ਦੇ ਕੁਝ ਕ੍ਰਿਕਟ ਸਮਰਥਕਾਂ ਨੇ ਬਲੋਚਾਂ ਵੱਲੋਂ ਲਾਏ ਬੈਨਰ ਅਤੇ ਪੋਸਟਰ ਪਾੜ ਦਿੱਤੇ ਸਨ। ਇਸ ਘਟਨਾ ਦੌਰਾਨ ਸਟੇਡੀਅਮ ਵਿੱਚਹੋਰਨਾਂ ਅਧਿਕਾਰੀਆਂ ਨਾਲ ਪਾਕਿਸਤਾਨੀ ਫ਼ੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਵੀ ਮੈਚ ਵੇਖ ਰਹੇ ਸਨ।

# ਟਿੱਪਰ ਨਾਲ ਸੜਕ ਕਰਾਸ ਕਰਦੇ ਟਕਰਾਉਣ ਨਾਲ ਔਰਤ ਦੀ ਮੌਤ

ਨੂਰਮਹਿਲ, 25 ਜੂਨ (ਪੋਸਟ ਬਿਊਰੋ)- ਡੇਰਾ ਬਾਬਾ ਗਿਰਦਨ ਦਾਸ ਕੰਦੋਲਾ ਕਲਾਂ ਵਿੱਚ ਕੱਲ੍ਹ ਸਵੇਰੇ ਮਾਂ-ਬਾਪ ਦੇ ਨਾਲ ਮੱਥਾ ਟੇਕਣ ਜਾਂਦੀ 31 ਸਾਲ ਦੀ ਸਮਿਤਾ ਦੀ ਸੜਕ ਕਰਾਸ ਕਰਦੇ ਸਮੇਂ ਟਿੱਪਰ ਦੀ ਟੱਕਰ ਨਾਲ ਮੌਤ ਹੋ ਗਈ।

ਸੁਰਜੀਤ ਰਾਮ ਵਾਸੀ ਕੰਦੋਲਾ ਕਲਾਂ ਨੇ ਦੱਸਿਆ ਕਿ ਸਮਿਤਾ ਦਾ ਪੰਜ ਸਾਲ ਪਹਿਲਾਂ ਅਜੈ ਕੁਮਾਰ ਵਾਸੀ ਉਦੇਸੀਆਂ ਥਾਣਾ ਆਦਮਪੁਰ ਦੇ ਨਾਲ ਵਿਆਹ ਹੋਇਆ ਸੀ। ਉਹ ਕਰੀਬ 15 ਦਿਨ ਪਹਿਲਾਂ ਸਾਨੂੰ ਮਿਲਣ ਆਈ ਸੀ। ਕੱਲ੍ਹ ਸਵੇਰੇ ਉਹ, ਉਸ ਦੀ ਪਤਨੀ ਹਰਭਜਨ ਕੌਰ ਤੇ ਬੇਟੀ ਪੈਦਲ ਹੀ ਡੇਰਾ ਬਾਬਾ ਗਿਰਦਨ ਦਾਸ ਕੰਦੋਲਾ ਕਲਾਂ ਵਿਖੇ ਮੱਥਾ ਟੇਕਣ ਜਾ ਰਹੇ ਸਨ। ਬੇਟੀ ਉਨ੍ਹਾਂ ਦੇ ਅੱਗੇ-ਅੱਗੇ ਚੱਲ ਰਹੀ ਸੀ ਅਤੇ ਉਹ ਪਿੱਛੇ-ਪਿੱਛੇ ਸਨ। ਉਸੇ ਦੌਰਾਨ ਡੇਰੇ ਨੂੰ ਜਾਣ ਲਈ ਬਿਨਾਂ ਦੇਖੇ ਬੇਟੀ ਸੜਕ ਕਰਾਸ ਕਰਨ ਲੱਗੀ ਤਾਂ ਨੂਰਮਹਿਲ ਵੱਲੋਂ ਆਇਟ ਟਿੱਪਰ ਨਾਲ ਬੇਟੀ ਟਕਰਾ ਗਈ। ਟਿੱਪਰ ਚਾਲਕ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਹਾਦਸਾ ਹੋ ਗਿਆ। ਐਂਬੂਲੈਂਸ ਰਾਹੀਂ ਉਸ ਨੂੰ ਸਿਵਲ ਹਸਪਤਾਲ ਬਿਲਗਾ ਲੈ ਕੇ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
Satnam Singh Lic. Auto Body Technician
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $2,150 — 50 Bruyeres Mews 901: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen. Stainless Steel Appliances, Granite Counter, Ensuite Laundry, Amenities Included, Gym, Media Room. etc.

MISSISAUGA $99,900 — 1224 Dundas St W : Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations Recently. Very low rent.

St. Catharine $199,999 — 73 St Paul : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area.

BRAMPTON $229,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

BRAMPTON $75,000 — Photo Not Available — 135 Inspire Blvd: Turn Key Operation, Great Opportunity To Own A Well Established & Busy Pizza Store, Located In High Demanded Area Of Brampton, Sales Are $20,000 As Per Seller, Very Low Rent Of $1920 Per Month, Close To Schools,Commercial & Industrial area.

MISSISSAUGA $169,900 — Photo Not Available — 7215 Goreway dr : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers Drug Mart, Lcbo Close To amenities.

TORONTO $289,000 — Kipling/Dixon/401: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest. Close To All Amenities

BURLINGTON $299,000 — 701 GUELPH LINE : Excellent Turn Key Operation, Well Established Franchise Vape & Smoke Shops. Great Opportunity For Entrepreneurs That Want To Think Outside The Box!! Situated In A High Traffic Area, Great Clientele.

BRAMPTON $789,800 — Queen St/ Chinguacousy: Fieldgate Home, Gas Fireplace, Entrance To Garage, Central Vac Rough-In, 9 Ft Ceilings, Cold Cellar, 3 Pcs Rough-In Bath In Bsmt, Glass Shower & Oval Soaker Tub In Master Ensuite, Tray Ceiling In Master, Upgraded kitchen.

BRAMPTON $330,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

CALEDON $399,000 — Photo Not Available — 12612 HIGHWAY 50: Sale Of Business Without Property Bakery. Please call 905-405-8484

BRANTFORD $499,000 — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800 — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000 — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019



ਬੀਤੇ ਸ਼ਨਿੱਚਰਵਾਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਹੋਮ ਸਟੱਡ ਸੀਨੀਅਰ ਕਲੱਬ ਵੱਲੋਂ ਸਨਮਾਨ ਕੀਤਾ ਗਿਆ। ਬਰਗੇਡੀਅਰ ਨਵਾਬ ਸਿੰਘ ਹੀਰ ਦੀ ਪਹਿਲ ਕਦਮੀ ਤੇ ਰਵਿੰਦਰ ਸਿੰਘ ਪੰਨੂੰ ਦੇ ਸਹਿਯੋਗ ਨਾਲ ਕਲੱਬ ਦੇ ਪ੍ਰਧਾਨ ਜਰਨੈਲ ਸਿੰਘ ਗਿੱਲ ਤੇ ਸਕੱਤਰ ਦਰਸ਼ਨ ਸਿੰਘ ਦਿਓਲ ਦੀ ਬੇਨਤੀ 'ਤੇ ਬਾਬਾ ਸੀਚੇਵਾਲ ਕਲੱਬ ਦੇ ਮੈਂਬਰਾਂ ਨਾਲ ਰੂ-ਬ-ਰੂ ਹੋਏ ਸਨ। ਹੋਰ ਜਾਣਕਾਰੀ ਲਈ ਪ੍ਰੋ. ਮਹਿੰਦਰ ਸਿੰਘ ਮੋਹੀ ਨਾਲ 416 659 1232 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਮਾਸਿਕ-ਇਕੱਤਰਤਾ ਹੋਈ

### ਅਮਰਜੀਤ ਕਾਉਂਕੇ, ਬਲਜੀਤ ਰੈਣਾ, ਸੁਰਿੰਦਰ ਨੀਰ ਤੇ ਕੰਵਲਜੀਤ ਕੰਵਲ ਨਾਲ ਰੂ-ਬਰੂ




ਬਰੈਂਪਟਨ, (ਡਾ.ਝੰਡ) -ਬੀਤੇ ਸ਼ਨੀਵਾਰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਜੂਨ ਮਹੀਨੇ ਦੀ ਇਕੱਤਰਤਾ ਵਿਚ ਭਾਰਤ ਤੋਂ ਆਏ ਕਵੀਆਂ ਅਮਰਜੀਤ ਕਾਉਂਕੇ, ਬਲਜੀਤ ਰੈਣਾ, ਸੁਰਿੰਦਰ ਨੀਰ ਤੇ ਕੰਵਲਜੀਤ ਕੰਵਲ ਨਾਲ ਰੂ-ਬਰੂ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਮੰਚ ਉੱਪਰ ਇਨ੍ਹਾਂ ਚੌਹਾਂ ਲੇਖਕਾਂ ਦੇ ਨਾਲ ਸਭਾ ਦੇ ਸਰਗਰਮ ਮੈਂਬਰ ਉੱਘੇ ਕਵੀ ਸੁਖਮਿੰਦਰ ਰਾਮਪੁਰੀ ਸੁਸ਼ੋਭਿਤ ਸਨ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ-ਸੁਆਗਤ ਉਪਰੰਤ ਮਲੂਕ ਸਿੰਘ ਵੱਲੋਂ ਆਏ ਮਹਿਮਾਨਾਂ ਨਾਲ ਸਭਾ ਦੀਆਂ ਸਰਗਰਮੀਆਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਗਈ। ਸਭਾ ਦੇ ਸਰਗਰਮ ਮੈਂਬਰ ਕੁਲਜੀਤ ਮਾਨ ਵੱਲੋਂ ਇਨ੍ਹਾਂ ਮਹਿਮਾਨ ਲੇਖਕਾਂ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਮਹਿਮਾਨਾਂ ਨੂੰ ਵਾਰੋ-ਵਾਰੀ ਮੰਚ 'ਤੇ ਆ ਕੇ ਆਪਣੇ ਬਾਰੇ ਜਾਣਕਾਰੀ ਦੇਣ ਲਈ ਕਿਹਾ ਗਿਆ।
ਸੱਭ ਤੋਂ ਪਹਿਲਾਂ ਅਮਰਜੀਤ ਕਾਉਂਕੇ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਉਹ ਪਟਿਆਲਾ ਦੇ ਵਸਨੀਕ ਹਨ ਅਤੇ ਉਨ੍ਹਾਂ ਦੀਆਂ ਪੁਸਤਕਾਂ ਵਿੱਚੋਂ ਕਵਿਤਾਵਾਂ ਦੀ ਸੱਭ ਤੋਂ ਪਹਿਲੀ ਪੁਸਤਕ 'ਦਾਇਰਿਆਂ ਦੀ ਕਬਰ 'ਚੋਂ" 1985 ਵਿਚ ਛਪੀ ਅਤੇ ਉਸ ਤੋਂ ਬਾਅਦ 'ਨਿਰਵਾਣ ਦੀ ਤਲਾਸ਼ ਵਿਚ' (1987), 'ਦਵੰਧ ਕਥਾ' (1990), ਆਦਿ ਸਮੇਤ ਸੱਤਵੀ ਪੁਸਤਕ 'ਪਿਆਸ' 2013 ਵਿਚ ਆਈ। ਹਿੰਦੀ ਵਿਚ ਉਨ੍ਹਾਂ ਦੀਆਂ ਚਾਰ ਪੁਸਤਕਾਂ ਛਪੀਆਂ ਹਨ ਅਤੇ ਅੰਗਰੇਜ਼ੀ ਵਿਚ ਇਕ 'ਰੇਵਰੀਜ਼' ਹੈ। ਇਨ੍ਹਾਂ ਤੋਂ ਇਲਾਵਾ ਹਿੰਦੀ ਤੋਂ ਪੰਜਾਬੀ ਤੇ ਪੰਜਾਬੀ ਤੋਂ ਹਿੰਦੀ ਅਨੁ-ਵਾਦ ਦੀਆਂ ਦਰਜਨ ਤੋਂ ਵਧੇਰੇ ਪੁਸਤਕਾਂ ਹਨ ਅਤੇ ਹੋਰ ਬਹੁਤ ਸਾਰੀਆਂ ਆਲੋਚ-ਨਾ ਦੀਆਂ ਤੇ ਸੰਪਾਦਿਤ ਪੁਸਤਕਾਂ ਵੀ ਹਨ। ਸਾਹਿਤ ਦੇ ਖ਼ੇਤਰ ਵਿਚ ਸੇਵਾ ਲਈ ਉਨ੍ਹਾਂ ਨੂੰ ਸਾਹਿਤ ਅਕੈਡਮੀ ਦਿੱਲੀ (2016), ਨਿਰੰਜਨ ਸਿੰਘ ਨੂਰ ਮੈਮੋਰੀਅਲ ਐਵਾਰਡ (2009), ਇਆਪਾ ਕੈਨੇਡਾ ਐਵਾਰਡ (1998) ਸਮੇਤ ਕਈ ਪੁਰਸਕਾਰ ਮਿਲ ਚੁੱਕੇ ਹਨ। ਇਸ ਤੋਂ ਇਲਾਵਾ ਉਹ ਪਿਛਲੇ ਕਈ ਸਾਲਾਂ ਤੋਂ ਹਰਮਨ ਪਿਆਰਾ ਰਿਸਾਲਾ 'ਪ੍ਰਤੀਮਾਨ' ਲਗਾਤਾਰ ਪ੍ਰਕਾਸ਼ਿਤ ਕਰ ਰਹੇ ਹਨ।
ਜੰਮੂ ਦੇ ਵਸਨੀਕ ਕਹਾਣੀਕਾਰ ਤੇ ਕਵੀ ਬਲਜੀਤ ਰੈਣਾ ਨੇ ਦੱਸਿਆ ਕਿ ਉਨ੍ਹਾਂ ਦੀਆਂ ਦੋ ਦਰਜਨ ਤੋਂ ਵਧੀਕ ਕਹਾਣੀਆਂ ਦੀਆਂ ਪੁਸਤਕਾਂ ਛਪੀਆਂ ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀਆਂ ਅਤੇ ਹੋਰ ਲੇਖਕਾਂ ਦੀਆਂ ਵੱਖ-ਵੱਖ ਕਹਾਣੀਆਂ ਦੇ ਆਧਾਰਿਤ 'ਗੁਲਦਸਤਾ' ਸਮੇਤ ਬਹੁਤ ਸਾਰੀਆਂ ਡਾਕੂਮੈਂਟਰੀ ਫ਼ਿਲਮਾਂ ਦਾ ਨਿਰਮਾਣ ਕੀਤਾ ਹੈ ਜੋ ਕਾਫ਼ੀ ਮਕਬੂਲ ਹੋਈਆਂ ਹਨ। ਏਸੇ ਤਰ੍ਹਾਂ ਉਨ੍ਹਾਂ ਦੀ ਸੁਪਤਨੀ ਨਾਵਲਕਾਰ ਸੁਰਿੰਦਰ ਨੀਰ ਨੇ ਦੱਸਿਆ ਕਿ ਜੰਮੂ ਵਿਚ ਰਹਿੰਦਿਆਂ ਕਸ਼ਮੀਰ ਵਿਚ ਵੱਖ-ਵੱਖ ਸਮੇਂ ਜਾਂਦਿਆਂ ਆਉਂਦਿਆਂ ਉਨ੍ਹਾਂ ਨੇ ਉੱਥੇ ਦੇ ਸੰਤਾਪ ਨੂੰ ਅੱਖੀਂ ਵੇਖਿਆ ਤੇ ਕੁਝ ਹੱਦ ਤੀਕ ਹੰਢਾਇਆ ਵੀ ਹੈ। ਉਨ੍ਹਾਂ ਇਸ ਦੇ ਬਾਰੇ ਅਤੇ ਹਿੰਦੂ ਕਮਿਊਨਿਟੀ ਦੀ ਉੱਥੋਂ ਹੋਈ ਹਿਜਰਤ ਬਾਰੇ ਉਨ੍ਹਾਂ ਕਈ ਕਹਾਣੀਆਂ ਲਿਖੀਆਂ ਹਨ ਅਤੇ ਇਕ ਨਾਵਲ ਵੀ ਲਿਖਿਆ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿਚ ਸਿੱਖਾਂ ਦੇ ਇਤਿਹਾਸ ਬਾਰੇ ਕੋਈ ਪ੍ਰਵਾਣਿਤ ਸਰੋਤ ਨਹੀਂ ਹੈ ਅਤੇ ਉਹ ਇਸ ਉੱਪਰ ਵੀ ਕੰਮ ਕਰ ਰਹੇ ਹਨ।
ਸਾਹਿਤਕ ਪ੍ਰਤਿਭਾ ਦੀ ਮਾਲਕ ਇਹ ਸਾਹਿਤਕ-ਜੋੜੀ ਕਹਾਣੀਆਂ ਤੇ ਨਾਵਲ ਲਿਖਣ ਦੇ ਨਾਲ਼ ਨਾਲ਼ ਕਵਿਤਾਵਾਂ ਵੀ ਲਿਖਦੀ ਹੈ। ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਪੁਰਾਤਨ ਸ਼ਹਿਰ ਸੁਲਤਾਨਪੁਰ ਲੋਧੀ ਦੀ ਵਸਨੀਕ ਗ਼ਜ਼ਲਗੋ ਕੰਵਲਜੀਤ ਕੰਵਲ ਨੇ ਇਸ ਦੇ ਇਤਿਹਾਸਕ ਪਿਛੋਕੜ ਵਿਚ ਜਾਂਦਿਆਂ ਹੋਇਆਂ ਦੱਸਿਆ ਕਿ ਇਸ ਦਾ ਪਹਿਲਾ ਨਾਂ ਇਸ ਸ਼ਹਿਰ ਦਾ ਪੁਰਾਤਨ ਨਾਂ 'ਸਰਵਮਾਨਪੁਰ' ਸੀ। ਸੁਲਤਾਨ ਖ਼ਾਨ ਲੋਧੀ ਦੇ ਨਾਂ 'ਤੇ ਇਸ ਦਾ ਵਰਤਮਾਨ ਨਾਂ ਸੁਲਤਾਨਪੁਰ ਲੋਧੀ ਪਿਆ ਅਤੇ ਇਹ ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਕਈ ਹਮਲਿਆਂ ਦਾ ਸ਼ਿਕਾਰ ਹੋਇਆ।
ਸਮਾਗ਼ਮ ਦੇ ਅਗਲੇ ਪੜਾਅ ਵਿਚ ਤਿੰਨ ਪੁਸਤਕਾਂ ਲੋਕ-ਅਰਪਿਤ ਕੀਤੀਆਂ ਗਈਆਂ। ਸੱਭ ਤੋਂ ਪਹਿਲਾਂ ਉਸਤਾਦ ਗ਼ਜ਼ਲਗੋ ਮਹਿੰਦਰਦੀਪ ਗਰੇਵਾਲ ਦੀ ਗ਼ਜ਼ਲਾਂ ਦੀ ਪੁਸਤਕ 'ਸ਼ਬਦਾਂ ਦੀ ਰਿਮਝਿਮ' ਬਾਰੇ ਮੁੱਢਲੀ ਜਾਣਕਾਰੀ ਸੁਖਦੇਵ ਸਿੰਘ ਝੰਡ ਵੱਲੋਂ ਦਿੱਤੀ ਗਈ। ਉਪਰੰਤ, ਸੁਰਿੰਦਰ ਕੌਰ ਸੈਣੀ ਦੇ ਨਾਵਲ 'ਫ਼ਰਿਸ਼ਤੇ' ਬਾਰੇ ਕੁਝ ਸ਼ਬਦ ਅਮਰਜੀਤ ਪੰਛੀ ਨੇ ਕਹੇ ਅਤੇ ਗੁਰਬਚਨ ਸਿੰਘ ਚਿੰਤਕ ਦੀ ਸਵੈ-ਜੀਵਨੀ ਸਬੰਧੀ ਦੋ ਪੁਸਤਕਾਂ 'ਜੰਗ ਗੁਰਬਤ ਸੰਗ' ਅਤੇ 'ਸੁਪਨੇ ਸੰਘਰਸ਼ ਸਫ਼ਲਤਾ' ਬਾਰੇ ਜਾਣਕਾਰੀ ਕ੍ਰਿਪਾਲ ਸਿੰਘ ਪੰਨੂ ਦੁਆਰਾ ਸਾਂਝੀ ਕੀਤੀ ਗਈ। ਇਸ ਤੋਂ ਬਾਅਦ ਇਨ੍ਹਾਂ ਚੌਹਾਂ ਪੁਸਤਕਾਂ ਨੂੰ ਇਕੱਠਿਆਂ ਹੀ ਆਏ ਹੋਏ ਮਹਿਮਾਨ ਲੇਖਕਾਂ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਕਾਰਜਕਾਰਨੀ ਦੇ ਮੈਂਬਰਾਂ ਦੁਆਰਾ ਲੋਕ-ਅਰਪਿਤ ਕੀਤਾ ਗਿਆ।
ਸਮਾਗ਼ਮ ਦੇ ਅਗਲੇ ਭਾਗ ਵਿਚ ਕਵੀ-ਦਰਬਾਰ ਹੋਇਆ ਜਿਸ ਵਿਚ ਮਹਿਮਾਨ ਕਵੀਆਂ ਦੇ ਨਾਲ਼ ਨਾਲ਼ ਸਮਾਗ਼ਮ ਵਿਚ ਹਾਜ਼ਰ ਕਵੀਆਂ ਤੇ ਗਾਇਕਾਂ ਨੇ ਭਰਵੀ ਸ਼ਮੂਲੀਅਤ ਕੀਤੀ ਜਿਨ੍ਹਾਂ ਵਿਚ ਇਕਬਾਲ ਬਰਾੜ, ਜੋਗਿੰਦਰ ਸਿੰਘ ਅਣਖੀਲਾ, ਰਿੰਟੂ ਭਾਟੀਆ, ਮੀਤਾ ਖੰਨਾ, ਗਿਆਨ ਸਿੰਘ ਦਰਦੀ, ਰੇਖਾ ਮਹਾਜਨ, ਪ੍ਰਿੰਸੀਪਲ ਸੰਜੀਵ ਧਵਨ, ਪ੍ਰੋ. ਦਰਸ਼ਨ ਦੀਪ, ਸੰਨੀ ਸ਼ਿਵਰਾਜ, ਭੁਪਿੰਦਰ ਦੁਲੇ, ਮਕਸੂਦ ਚੌਧਰੀ, ਪ੍ਰੋ. ਅਸ਼ਕ ਰਹੀਲ, ਕੁਲ ਦੀਪ, ਰਾਜਵੰਤ ਬਾਜਵਾ, ਸੁਖਮਿੰਦਰ ਰਾਮਪੁਰੀ, ਹਰਜੀਤ ਪੱਡਾ, ਡਾ. ਪਰਗਟ ਸਿੰਘ ਬੱਗਾ, ਜਰਨੈਲ ਸਿੰਘ ਮੱਲ੍ਹੀ, ਮਹਿੰਦਰਦੀਪ ਗਰੇਵਾਲ, ਗੁਰਬਚਨ ਸਿੰਘ ਚਿੰਤਕ ਅਤੇ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ।

## ਟੀ. ਪੀ. ਏ. ਆਰ. ਕਲੱਬ ਦੇ ਮੈਂਬਰਾਂ ਨੇ ਪੀਟਰਬੋਰੋ ਸ਼ਹਿਰ ਦਾ ਟੂਰ ਲਾਇਆ



ਬਰੈਂਪਟਨ, (ਡਾ. ਝੰਡ) -ਬੀਤੇ ਸ਼ਨੀਵਾਰ 22 ਜੂਨ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਟਜ਼ ਕਲੱਬ ਜੋ ਬਰੈਂਪਟਨ ਤੇ ਮਿਸੀਸਾਗਾ ਏਰੀਏ ਵਿਚ 'ਟੀ.ਪੀ.ਏ.ਆਰ ਕਲੱਬ' ਦੇ ਨਾਂ ਨਾਲ ਜਾਣੀ ਜਾਂਦੀ ਹੈ, ਦੇ 45 ਮੈਂਬਰਾਂ ਨੇ ਖ਼ੂਬਸੂਰਤ ਸ਼ਹਿਰ ਪੀਟਰਬੋਰੋ ਦਾ ਦਿਲਚਸਪ ਟੂਰ ਲਗਾਇਆ। ਜ਼ਿਕਰਯੋਗ ਹੈ ਕਿ ਇਸ ਕਲੱਬ ਦੇ ਮੈਂਬਰ ਹਰ ਸਾਲ ਕਿਸੇ ਨਾ ਕਿਸੇ ਦੂਰ-ਦੁਰਾਢੀ ਜਗ੍ਹਾ 'ਤੇ ਜਾ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ ਅਤੇ ਉੱਥੇ ਹੀ ਉਨ੍ਹਾਂ ਦਾ ਖਾਣ-ਪੀਣ ਤੇ ਹਾਸੇ-ਮਜ਼ਾਕ ਦਾ ਦੌਰ ਵੀ ਚੱਲਦਾ ਹੈ।
ਕਲੱਬ ਦੇ ਮੈਂਬਰ ਸਵੇਰੇ ਸਾਢੇ ਛੇ ਵਜੇ ਕੁਲਵੰਤ ਦੇ 'ਸਬਵੇਅ ਰੈਸਟੋਰੈਂਟ' ਵਿਚ ਇਕੱਠੇ ਹੋ ਗਏ ਅਤੇ ਉੱਥੇ ਹਲਕਾ ਜਿਹਾ ਬਰੇਕਫ਼ਾਸਟ ਕਰਕੇ ਸਵੇਰੇ ਸੱਤ ਵਜੇ ਸਕੂਲ ਬੱਸ 'ਤੇ ਸਵਾਰ ਹੋ ਕੇ ਪੀਟਰਬੋਰੋ ਸ਼ਹਿਰ ਵੱਲ ਚੱਲ ਪਏ। ਬੱਸ 10-30 ਵਜੇ ਪੀਟਰਬੋਰੋ ਸ਼ਹਿਰ ਪਹੁੰਚ ਗਈ। ਏਧਰ-ਉਧਰ ਥੋੜ੍ਹਾ ਬਹੁਤ ਟਹਿਲਣ ਤੋਂ ਬਾਅਦ ਮੈਂਬਰਾਂ ਨੇ ਨਾਲ ਲਿਆਂਦਾ ਹੋਇਆ ਪੈਕਡ-ਲੰਚ ਛਕਿਆ ਅਤੇ ਬਾਅਦ ਦੁਪਹਿਰ 12.30 ਵਜੇ ਝੀਲ-ਨੁਮਾ ਨਹਿਰ ਦੇ ਕੰਢੇ ਖੜੀ ਤਿਆਰ-ਬਰ-ਤਿਆਰ ਫ਼ੈਰੀ ਵਿਚ ਸਵਾਰ ਹੋ ਗਏ। ਪੰਜ-ਸੱਤ ਮਿੰਟਾਂ ਬਾਅਦ ਹੀ ਫ਼ੈਰੀ ਚਾਲਕ ਨੇ ਉਸ ਦਾ ਹੂਟਰ ਵਜਾਇਆ ਅਤੇ ਫ਼ੈਰੀ ਨੀਲੇ ਰੰਗ ਦੀ ਭਾਅ ਮਾਰਦੇ ਪਾਣੀ ਵਿਚ ਠਿੱਲ੍ਹ ਪਈ। ਰਸਤੇ ਵਿਚ ਗੱਲਾਂ-ਬਾਤਾਂ ਕਰਦਿਆਂ ਅਤੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਦਿਆਂ ਹੋਇਆਂ ਕਿਸੇ ਨੂੰ ਵੀ ਪਤਾ ਨਾ ਲੱਗਾ ਕਿ ਕਦੋਂ ਫ਼ੈਰੀ ਘੁੰਮਦੀ-ਘੁਮਾਉਂਦੀ ਤੇ ਪਾਣੀਆਂ ਨੂੰ ਚੀਰਦੀ ਹੋਈ ਵਾਪਸ ਆਪਣੇ ਠਹਿਰਨ ਵਾਲੇ ਸਥਾਨ 'ਤੇ ਆਣ ਰੁਕੀ। ਮੈਂਬਰਾਂ ਦਾ ਦਿਲ ਤਾਂ ਕਰਦਾ ਸੀ ਕਿ ਇਹ ਹੋਰ ਕੁਝ ਸਮਾਂ ਉਨ੍ਹਾਂ ਪਾਣੀਆਂ ਵਿਚ ਵਿਚਰਦੀ ਅਤੇ ਉਨ੍ਹਾਂ ਨੂੰ ਇਸ ਨਜ਼ਾਰੇ ਦਾ ਹੋਰ ਨਿੱਘ ਮਾਣਨ ਦਿੰਦੀ ਪਰ ਇੱਥੇ ਕੈਨੇਡਾ ਵਿਚ ਤਾਂ ਹਰੇਕ ਚੀਜ਼ ਆਪਣੇ ਨਿਰਧਾਰਿਤ ਸਮੇਂ ਅਨੁਸਾਰ ਚੱਲਦੀ ਹੈ ਅਤੇ ਇੱਥੇ ਕੁਝ ਮਿੰਟਾਂ ਦੀ ਵੀ ਅਗੇਤ-ਪਛੇਤ ਨਹੀਂ ਹੁੰਦੀ।
ਫ਼ੈਰੀ ਦਾ ਆਨੰਦ ਮਾਣਨ ਤੋਂ ਬਾਅਦ ਸਾਰੇ ਮੈਂਬਰ ਨਿਸ਼ਚਿਤ ਥਾਂ 'ਤੇ ਪਹੁੰਚ ਗਏ ਜਿੱਥੇ ਰਾਜੂ ਕੁੱਕ ਉਨ੍ਹਾਂ ਲਈ ਸ਼ਾਮ ਦੇ ਸੁਆਦਲੀ ਖਾਣੇ ਦੇ ਜੁਗਾੜ ਵਿਚ ਪੂਰੀ ਤਰ੍ਹਾਂ ਜੁੱਟਿਆ ਹੋਇਆ ਸੀ। ਕਲੱਬ ਦੇ ਕੁਝ ਵਾਲੰਟੀਅਰ ਮੈਂਬਰਾਂ ਦੀ ਮਦਦ ਨਾਲ ਉਸ ਨੇ ਗੋਟ-ਮੀਟ ਅਤੇ ਇਕ ਸਬਜ਼ੀ ਤਿਆਰ ਕੀਤੀ ਅਤੇ ਸਾਰਿਆਂ ਨੇ ਮਿਲ ਕੇ ਗਰਮ-ਗਰਮ ਨਾਨਾਂ ਦੇ ਨਾਲ ਇਸ ਦਾ ਭਰਪੂਰ ਆਨੰਦ ਲਿਆ। ਇੱਥੇ ਮੈਂਬਰਾਂ ਦਾ ਗੀਤਾਂ-ਗਾਣਿਆਂ ਅਤੇ ਚੁਟਕਲਿਆਂ ਦਾ ਖ਼ੂਬ ਦੌਰ ਚੱਲਿਆ। ਖਾਣ-ਪੀਣ ਅਤੇ ਕੁਦਰਤੀ ਨਜ਼ਾਰੇ ਮਾਣਨ ਤੋਂ ਬਾਅਦ ਤੋਂ ਬਾਅਦ ਸ਼ਾਮ ਦੇ ਅੱਠ ਕੁ ਵਜੇ ਮੈਂਬਰਾਂ ਨੇ ਘਰ-ਵਾਪਸੀ ਕੀਤੀ। ਰਸਤੇ ਵਿਚ ਸਾਰੇ ਹੀ ਮੈਂਬਰ ਇਸ ਦਿਲਚਸਪ ਟੂਰ ਦੀਆਂ ਯਾਦਾਂ ਇਕ ਦੂਸਰੇ ਨਾਲ ਸਾਂਝੀਆਂ ਕਰ ਰਹੇ ਸਨ। ਉੱਥੇ ਹੀ ਬੱਸ ਵਿਚ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਵੱਲੋਂ ਅਨਾਊਂਸ ਕੀਤਾ ਗਿਆ ਕਿ ਅਗਲੇ ਸਾਲ ਕਲੱਬ ਦਾ ਟੂਰ 20 ਜੂਨ ਨੂੰ 'ਥਰਟੀ ਆਈਲੈਂਡਜ਼' ਜਾਏਗਾ।

## ਐਡਵੋਕੇਟ ਹਰਿੰਦਰ ਲਾਲੀ ਵੱਲੋਂ 30 ਜੂਨ ਨੂੰ ਪਬਲਿਕ ਮੀਟਿੰਗ

(ਹਰਜੀਤ ਬੇਦੀ): ਨਾਰਥ ਅਮੈਰਿਕਨ ਤਰਕਸੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਆਯੋਜਿਤ ਪਰੋਗਰਾਮ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਲੀਗਲ ਵਿੰਗ ਦੇ ਮੁਖੀ ਐਡਵੋਕੇਟ ਹਰਿੰਦਰ ਲਾਲੀ 30 ਜੂਨ ਨੂੰ ਬਰੈਪਟਨ ਦੇ ਫਰੈਂਡਰਿਕ ਬੈਟਿੰਗ ਇੰਟਰਨੈਸ਼ਨਲ ਸਕੂਲ ਵਿੱਚ 21-ਕਵੈਂਟਰੀ ਰੋਡ ( ਨਜਦੀਕ ਕੁਈਨ ਤੇ ਏਅਰਪੋਰਟ ਇੰਟਰਸੈਕਸ਼ਨ) ਬਰੈਂਪਟਨ ਵਿਖੇ ਪਬਲਿਕ ਮੀਟਿੰਗ ਨੂੰ ਸਬੰਧਨ ਕਰਨਗੇ। ਉਹਨਾਂ ਦੇ ਬੋਲਣ ਦਾ ਵਿਸ਼ਾ ਹੋਵੇਗਾ," ਵਹਿਮ-ਭਰਮ ਅਤੇ ਤਰਕਸ਼ਲਿਤਾ "।
ਬਲਦੇਵ ਰਹਿਪਾ, ਸੁਰਜੀਤ ਸਹੋਤਾ ਅਤੇ ਬਲਵਿੰਦਰ ਬਰਨਾਲਾ ਵਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਉਹ ਪਹਿਲਾਂ 12:00 ਵਜੇ ਤਰਕਸੀਲ ਸੁਸਾਇਟੀ ਦੇ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰਨਗੇ। ਇਸ ਉਪਰੰਤ 1:30 ਵਜੇ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਨਗੇ। ਸੁਸਾਇਟੀ ਦੇ ਪਰਬੰਧਕਾਂ ਵਲੋਂ ਟੋਰਾਂਟੋ ਏਰੀਏ ਦੇ ਵਕੀਲਾਂ, ਮੀਡੀਆਕਾਰਾਂ, ਸਮਾਜਿਕ ਅਤੇ ਸਾਹਿਤਕ ਜਥੇਬੰਦੀਆਂ ਦੇ ਮੈਂਬਰਾਂ ਅਤੇ ਆਮ ਲੋਕਾਂ ਨੂੰ ਇਸ ਪਰੋਗਰਾਮ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਹੈ।
ਐਡਵੋਕੇਟ ਹਰਿੰਦਰ ਲਾਲੀ ਮੁਖੀ ਲੀਗਲ ਵਿੰਗ ਤਰਕਸੀਲ ਸੁਸਾਇਟੀ ਪੰਜਾਬ , " ਭਾਰਤੀ ਸਵਿੰਧਾਨ ਵਿੱਚ ਅੰਧ-ਵਿਸ਼ਵਾਸ਼ ਵਿਰੋਧੀ ਕਾਨੂੰਨ " ਨਾਂ ਦੀ ਕਿਤਾਬ ਦੇ ਲੇਖਕ ਹਨ। ਉਹਨਾਂ ਅੰਧ-ਵਿਸ਼ਵਾਸ਼ ਦੇ ਵਿਰੋਧ ਵਿੱਚ ਅੰਧ-ਵਿਸ਼ਵਾਸ਼ ਵਿਰੋਧੀ ਡਰਾਫਟ ਬਿੱਲ ਤਿਆਰ ਕਰ ਕੇ ਪੰਜਾਬ ਦੇ ਸਾਰੇ ਐਮ ਐਲ ਏਜ ਨੂੰ ਦਿੱਤਾ ਹੈ ਤਾਂ ਜੋ ਤਾਂਤਰਿਕਾਂ, ਜੋਤਸੀਆਂ ਅਤੇ ਅਜਿਹੇ ਹੋਰ ਲੋਕਾਂ ਤੋ ਭੋਲੇ ਭਾਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਲੁੱਟ ਕਰਦੇ ਹਨ ਨੂੰ ਰੋਕਿਆ ਜਾ ਸਕੇ। ਤਰਕਸੀਲ ਸੁਸਾਇਟੀ ਦੀ ਪਹਿਲ ਕਦਮੀ ਤੇ ਆਂਡਿਆਂ ਵਾਲੇ ਬਾਬੇ ਵਰਗੇ ਠੱਗਾਂ ਨੂੰ ਇੰਗਲੈਂਡ ਵਿੱਚ ਸਜਾ ਦਿਵਾਈ ਗਈ ਹੈ। ਪਰ ਮੁਸੀਬਤ ਜਾਂ ਲਾਲਚ ਵੱਸ ਲੋਕ ਅਜਿਹੇ ਲੁਟੇਰਿਆਂ ਦੇ ਜਾਲ ਵਿੱਚ ਫਸ ਜਾਂਦੇ ਹਨ।
ਤਰਕਸ਼ੀਲ ਸੁਸਾਇਟੀ ਦੀ ਸਮੁੱਚੀ ਟੀਮ ਵਲੋਂ ਇਸ ਪਰੋਗਰਾਮ ਵਿੱਚ ਪਹੁੰਚਣ ਲਈ ਪੁਰਜੋਰ ਬੇਨਤੀ ਹੈ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202 ਜਾਂ ਨਿਰਮਲ ਸੰਧੂ 416-835-3450 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਡਾ. ਨੇਕੀ ਬਣੇ ਇਕ ਹੋਰ ਮੈਡੀਕਲ ਰਿਸਾਲੇ ਦੇ ਸੰਪਾਦਕ



ਬਰੈਂਪਟਨ, (ਡਾ. ਝੰਡ) - 'ਲਿਮਕਾ ਬੁੱਕ ਆਫ਼ ਵਰਲਡ ਰਿਕਾਰਡਜ਼' ਵਿਚ ਆਪਣਾ ਨਾਮ ਦਰਜ ਕਰਵਾ ਚੁੱਕੀ ਮੈਡੀਕਲ ਖ਼ੇਤਰ ਦੀ ਨਾਮਵਰ ਸ਼ਖ਼ਸੀਅਤ ਡਾ. ਨਿਰੰਕਾਰ ਸਿੰਘ ਨੇਕੀ ਪ੍ਰੋਫ਼ੈਸਰ ਆਫ਼ ਮੈਡੀਸੀਨ ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਜੋ ਪਹਿਲਾਂ ਵੀ ਕਈ ਮੈਡੀਕਲ ਖੋਜ ਰਿਸਾਲਿਆਂ ਦੇ ਸੰਪਾਦਕੀ ਮੰਡਲਾਂ ਵਿਚ ਸ਼ਾਮਲ ਹਨ, ਨੂੰ 'ਅਫ਼ਰੀਕਨ ਜਰਨਲ ਆਫ਼ ਹੈੱਲਥ ਸੇਫ਼ਟੀ ਐਂਡ ਐਨਵਾਇਰਨਮੈਂਟ' ਦਾ ਐਡੀਟਰ ਮਿਤੀ 1 ਜੂਨ 2019 ਤੋਂ ਨਿਯੁੱਕਤ ਕੀਤਾ ਗਿਆ ਹੈ ਜਿਸ ਦੀ ਲਿਖਤੀ ਸੂਚਨਾ ਉਨ੍ਹਾਂ ਨੂੰ ਇਸ ਖੋਜ ਰਿਸਾਲੇ ਦੇ ਮੈਨੇਜਿੰਗ ਐਡੀਟਰ ਬੀਸ਼ੀਰੂ ਟੀ. ਅਬੇਨੀ ਵੱਲੋਂ ਪ੍ਰਾਪਤ ਹੋਈ ਹੈ। ਇਹ ਖੋਜ ਰਿਸਾਲਾ ਕਿਵੋਸ ਰਿਸਰਚ ਗਰੁੱਪ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਡਾ. ਨੇਕੀ ਦੀ ਇਸ ਪ੍ਰਾਪਤੀ ਨਾਲ ਅੰਮ੍ਰਿਤਸਰ ਦਾ ਨਾਂ ਮੈਡੀਕਲ ਦੁਨੀਆਂ ਵਿਚ ਹੋਰ ਵੀ ਉੱਚਾ ਹੋਇਆ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ. ਨੇਕੀ ਇਸ ਤੋਂ ਪਹਿਲਾਂ ਵੀ ਇਕ ਦਰਜਨ ਤੋਂ ਵਧੀਕ ਮੈਡੀਕਲ ਖੋਜ ਰਿਸਾਲਿਆਂ ਦੇ ਸੰਪਾਦਕ ਹਨ ਅਤੇ ਉਨ੍ਹਾਂ ਦੇ 500 ਤੋਂ ਵਧੀਕ ਡਾਕਟਰੀ ਖੋਜ ਨਾਲ ਸਬੰਧਿਤ ਪੇਪਰ ਛਪ ਚੁੱਕੇ ਹਨ।



ਬੀਤੇ ਦਿਨੀਂ ਰੋਬਰਟ ਪੋਸਟ ਸੀਨੀਅਰ ਕਲੱਬ ਦੀ ਮੀਟਿੰਗ ਬਲਵਿੰਦਰ ਸਿੰਘ ਸਿੱਧੂ ਤੇ ਅਮਰਜੀਤ ਸਿੰਘ ਸਿੱਧੂ ਦੀ ਅਗਵਾਈ ਹੋਈ। ਇਸ ਦੌਰਾਨ ਹਰ ਸਾਲ ਦੀ ਤਰ੍ਹਾਂ ਕੈਨੇਡਾ ਡੇਅ 7 ਜੁਲਾਈ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਦੌਰਾਨ ਬੱਚਿਆਂ ਦੇ ਖੇਡ ਮੁਕਾਬਲੇ ਤੇ ਔਰਤਾਂ ਦੀਆਂ ਖੇਡਾਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਦੌਰਾਨ ਤਾਸ਼ ਦੇ ਮੁਕਾਬਲੇ ਵੀ ਕਰਵਾਏ ਜਾਣਗੇ, ਜਿਨ੍ਹਾਂ ਦੀ ਐਂਟਰੀ ਫੀਸ 10 ਡਾਲਰ ਹੋਵੇਗੀ। ਹੋਰ ਜਾਣਕਾਰੀ ਲਈ ਪ੍ਰੋ. ਮਹਿੰਦਰ ਸਿੰਘ ਮੋਹੀ ਨਾਲ 416 659 1232 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵੈਲੀਕਰੀਕ ਸੀਨੀਅਰਜ਼ ਕਲੱਬ ਵੱਲੋਂ ਮੇਲਾ 21 ਜੁਲਾਈ ਨੂੰ

ਬਰੈਂਪਟਨ, 25 ਜੂਨ (ਪੋਸਟ ਬਿਊਰੋ)- ਵੈਲਕਰੀਕ ਸੀਨੀਅਰਜ਼ ਕਲੱਬ ਬਰੈਂਪਟਨ ਵਲੋਂ 21 ਜੁਲਾਈ ਦਿਨ ਐਤਵਾਰ ਨੂੰ ਰੈਡਵਿਲੋ ਸਕੂਲ ਦੇ ਨਾਲ ਦੇ ਪਾਰਕ ਵਿਚ ਆਜਾਦੀ ਦਿਵਸ ਤੇ ਕੈਨੇਡਾ ਡੇ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਸਵੀਪ ਦੇ ਮੁਕਾਬਲੇ ਹੋਣਗੇ। ਐਂਟਰੀ 10:30 ਵਜੇ ਤੋ ਸ਼ੁਰੂ ਹੋਵੇਗੀ ਤੇ ਫੀਸ 10 ਡਾਲਰ ਹੋਵੇਗੀ। 11 ਵਜੇ ਮੁਕਾਬਲੇ ਸ਼ੁਰੂ ਹੋ ਜਾਣਗੇ। ਜਿਸ ਵਿਚ ਜੇਤੂਆਂ ਨੂੰ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਬੱਚਿਆਂ ਦੀਆਂ ਦੌੜਾਂ ਹੋਣਗੀਆਂ। ਬੀਬੀਆਂ ਦੇ ਚੇਅਰ ਰੇਸ, ਚਮਚਾ ਰੇਸ ਤੇ ਗਿੱਧੇ ਭੰਗੜੇ ਦੇ ਮੁਕਾਬਲੇ ਹੋਣਗੇ। ਮੇਲੇ ਵਿਚ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ ਤੇ ਇਹ ਮੇਲਾ ਸ਼ਾਮ 5 ਵਜੇ ਤੱਕ ਚੱਲੇਗਾ। ਇਸ ਮੇਲੇ ਦੀ ਰੌਣਕ ਵਧਾਉਣ ਲਈ ਬਰੈਂਪਟਨ ਦੇ ਮੇਅਰ ਸੰਸਦ ਮੈਬਰ, ਵਿਧਾਇਕ, ਕੌਸਲਰ ਤੇ ਰੀਜਨਲ ਕੌਸਲਰ ਵੀ ਪਹੁੰਚਣਗੇ। ਵਧੇਰੇ ਜਾਣਕਾਰੀ ਲਈ ਮੇਜਰ ਸਿੰਘ ਗਿੱਲ ਨਾਲ 437-221-9532 ਉਤੇ ਸੰਪਰਕ ਕੀਤਾ ਜਾ ਸਕਦਾ ਹੈ।



ਕੈਸਲਮੋਰ ਸੀਨੀਅਰ ਕਲੱਬ ਦੀ ਜਨਰਲ ਬਾਡੀ ਮੀਟਿੰਗ 13 ਜੁਲਾਈ ਨੂੰ ਮਿਡੋਜ਼ ਕਮਿਊਨਿਟੀ ਸੈਂਟਰ ਵਿਖੇ ਹਾਲ ਨੰ. 2 'ਚ ਗੁਰਮੇਲ ਸਿੰਘ ਸੱਗੂ ਪ੍ਰਧਾਨ ਦੀ ਅਗਵਾਈ 'ਚ ਹੋਵੇਗੀ। ਇਸ ਦੌਰਾਨ ਨਵੀਂ ਕਮੇਟੀ ਦੀ ਚੋਣ ਹੋਵੇਗੀ। ਮੌਜੂਦਾ ਕਾਰਜਕਾਰਨੀ ਕਮੇਟੀ ਦਾ ਕਾਰਜਕਾਲ ਪੂਰਾ ਹੋ ਚੁੱਕਾ ਹੈ। ਮੈਂਬਰ ਜੋ ਪਿਛਲੇ ਸਾਲ 'ਚ ਹਨ ਹੀ ਸ਼ਾਮਿਲ ਹੋਣ। ਹੋਰ ਜਾਣਕਾਰੀ ਲਈ 416 608 6706 'ਤੇ ਸੰਪਰਕ ਕੀਤਾ ਜਾ ਸਕਦਾ ਹੈ।








# ਸੰਪਾਦਕੀ

## ਉਂਟੇਰੀਓ ਹੈਲਥ: ਟੈਕਸਟ ਮੈਸੇਜ ਦੁਆਰਾ ਹਸਪਤਾਲਾਂ ਵਿੱਚ ਹਾਲਵੇਅ ਸਮੱਸਿਆ ਤੋਂ ਛੁਟਕਾਰਾ?

ਉਂਟੇਰੀਓ ਵਿੱਚ ਸਿਹਤ ਸੰਭਾਲ ਵਿੱਚ ਸੁਧਾਰਾਂ ਅਤੇ ਹਸਪਤਾਲਾਂ ਦੇ ਹਾਲਵੇਆਂ ਵਿੱਚ ਮਰੀਜ਼ਾਂ ਲਈ ਬਣੀ ਸਥਿਤੀ ਦੇ ਰੋਗ ਨੂੰ ਖਤਮ ਕਰਨ ਵਾਸਤੇ ਸੁਝਾਅ ਦੇਣ ਲਈ ਬਣਾਈ ਗਈ ਕਾਉਂਸਲ ਦੀ ਦੂਜੀ ਰਿਪੋਰਟ ਪ੍ਰੀਮੀਅਰ ਡੱਗ ਫੋਰਡ ਲਈ ਇੱਕ ਚੰਗੀ ਖ਼ਬਰ ਹੈ। ਕਾਉਂਸਲ ਨੇ ਆਪਣੀ ਰਿਪੋਰਟ ਵਿੱਚ ਉਹ ਸਿਫਾਰਸ਼ਾਂ ਕੀਤੀਆਂ ਹਨ ਜਿਹੜੀਆਂ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਤੈਅ ਕੀਤੀ ਗਈ ਨੀਤੀ ਦੇ ਨੇੜੇ ਤੇੜੇ ਹੀ ਸਰਕਲ ਕੱਢ ਰਹੀਆਂ ਹਨ। ਕਾਉਂਸਲ ਵੱਲੋਂ ਪੇਸ਼ ਕੀਤੀਆਂ ਸਿਫ਼ਾਰਸ਼ਾਂ ਵਿੱਚ ਮਰੀਜ਼ਾਂ ਨੂੰ ਆਪਣੇ ਡਾਕਟਰੀ ਦਸਤਾਵੇਜ਼ ਫੋਨਾਂ ਜਾਂ ਕੰਪਿਊਟਰ ਉੱਤੇ ਸੁਰੱਖਿਅਤ ਐਪ (secure App ਜਿਵੇਂ ਕਿ ਬੈਂਕਾਂ ਨੇ ਚੈਕ ਆਦਿ ਜਮ੍ਹਾਂ ਕਰਨ ਲਈ ਹੁੰਦੀਆਂ ਹਨ) ਰਾਹੀਂ ਵੇਖਣ ਦੀ ਸਹੂਲਤ, ਸਿਹਤ ਸੰਭਾਲ ਪ੍ਰਦਾਨ ਕਰਨ ਵਾਲਿਆਂ ਡਾਕਟਰਾਂ, ਨਰਸਾਂ, ਫਰਮਾਸਿਸਟਾਂ ਆਦਿ ਨੂੰ ਆਪਣੀ ਸਥਿਤੀ ਬਾਰੇ ਫੋਨ ਤੋਂ ਟੈਕਸਟ ਮੈਸੇਜ ਭੇਜ ਸੱਕਣਾ ਅਤੇ ਸੁਪਰ-ਸਪੈਸ਼ਲਿਸਟ ਡਾਕਟਰਾਂ ਨਾਲ ਇੰਟਰਨੈੱਟ ਰਾਹੀਂ ਸਲਾਹ ਮਸ਼ਵਰੇ (virtual care) ਦੀ ਸਹੂਲਤ ਦਿੱਤਾ ਜਾਣਾ ਸ਼ਾਮਲ ਹੈ।

ਰਿਪੋਰਟ ਤਿਆਰ ਕਰਨ ਵਾਲੀ ਕਾਉਂਸਲ ਦੇ ਮੁਖੀ ਅਤੇ ਪ੍ਰੀਮੀਅਰ ਡੱਗ ਫੋਰਡ ਦੇ ਖਾਸਮਖਾਸ ਮਿੱਤਰ ਡਾਕਟਰ ਰੁਏਬੇਨ ਡੈਵਲਿਨ (Rueben Devlin) ਦਾ ਮੰਨਣਾ ਹੈ ਕਿ ਤਕਨਾਲੋਜੀ ਦੇ ਸੁਮੇਲ ਨਾਲ ਵੱਖੋ ਵੱਖਰੀਆਂ ਸਿਹਤ ਸੇਵਾਵਾਂ ਨੂੰ ਜੋੜਨ ਦੇ ਹਾਂ ਪੱਖੀ ਨਤੀਜੇ ਮਿਲਣਗੇ ਜਿਸ ਨਾਲ ਹਸਪਤਾਲਾਂ ਦੀਆਂ ਸੇਵਾਵਾਂ ਵਿੱਚ ਸੁਧਾਰ ਹੋਵੇਗਾ। ਵਰਨਣਯੋਗ ਹੈ ਕਿ ਉਂਟੇਰੀਓ ਭਰ ਵਿੱਚ ਹਰ ਰੋਜ਼ 1000 ਤੋਂ ਵੱਧ ਮਰੀਜ਼ਾਂ ਨੂੰ ਡਾਕਟਰਾਂ ਵੱਲੋਂ ਹਸਪਤਾਲਾਂ ਦੇ ਹਾਲਵੇਆਂ ਵਿੱਚ ਵੇਖਿਆ ਜਾਂਦਾ ਹੈ ਕਿਉਂਕਿ ਮਰੀਜ਼ਾਂ ਲਈ ਬੈਡਾਂ ਅਤੇ ਕਮਰਿਆਂ ਦੀ ਬੇਹੱਦ ਕਮੀ ਹੈ।

ਡਾਕਟਰ ਰੁਏਬੇਨ ਇਸ ਪੱਖ ਤੋਂ ਸਹੀ ਹੈ ਕਿ ਨਵੀਂ ਪੀੜੀ ਦੇ ਨੌਜਵਾਨਾਂ ਨੂੰ ਕਿਸੇ ਨਾਲ ਮੂੰਹੋਂ ਦੂਹੀਂ ਗੱਲ ਕਰਨ ਨਾਲੋਂ ਟੈਕਸਟ ਕਰਨਾ ਅਤੇ ਇੰਟਰਨੈੱਟ ਰਾਹੀਂ ਸੰਵਾਦ ਕਰਨਾ ਬਹੁਤ ਸੌਖਾ ਜਾਪਦਾ ਹੈ ਅਤੇ ਕਿਉਂ ਨਾ ਇਸ ਨਵੇਂ ਰੁਝਾਨ ਦਾ ਸਿਹਤ ਸੇਵਾਵਾਂ ਨੂੰ ਸੁਧਾਰਨ ਲਈ ਲਾਭ ਲਿਆ ਜਾਵੇ। ਇਹ ਤਰਕ ਨੌਜਵਾਨ ਪੀੜੀ ਲਈ ਸਹੀ ਬੈਠ ਸਕਦਾ ਹੈ ਪਰ ਕਈ ਅਜਿਹੇ ਵਰਗ ਹਨ ਜਿਹਨਾਂ ਵਾਸਤੇ ਤਕਨਾਲੋਜੀ ਦੀ ਵਰਤੋਂ ਹਾਲੇ ਵੀ ਇੱਕ ਚੁਣੌਤੀ ਹੈ। ਇਹਨਾਂ ਵਿੱਚ ਵੱਡੀ ਗਿਣਤੀ ਵਿੱਚ ਉਹ ਇੰਮੀਗਰਾਂਟ ਸ਼ਾਮਲ ਹਨ ਜਿਹੜੇ ਉਹਨਾਂ ਮੁਲਕਾਂ ਤੋਂ ਆਉਂਦੇ ਹਨ ਜਿੱਥੇ ਤਕਨਾਲੋਜੀ ਦੀ ਵਰਤੋਂ ਨਾਮਾਤਰ ਹੀ ਹੁੰਦੀ ਹੈ। ਇਵੇਂ ਹੀ ਸੀਨੀਅਰ ਹਨ ਜਿਹਨਾਂ ਵਾਸਤੇ ਬਜ਼ੁਰਗ ਉਮਰ ਵਿੱਚ ਤਕਨਾਲੋਜੀ ਨਾਲ ਮੱਥਾ ਮਾਰਨਾ ਔਖਾ ਹੀ ਨਹੀਂ ਸਗੋਂ ਨਾਮੁਮਕਿਨ ਹੀ ਹੁੰਦਾ ਹੈ। ਵੱਡੀ ਗਿਣਤੀ ਵਿੱਚ ਇੰਮੀਗਰਾਂਟ ਸੀਨੀਅਰਾਂ ਲਈ ਇੰਟਰਨੈੱਟ ਤਕਨਾਲੋਜੀ ਇੱਕ ਵੱਡੇ ਦੈਂਤ ਨਾਲੋਂ ਕਿਸੇ ਵੀ ਪੱਖੋਂ ਵੀ ਘੱਟ ਨਹੀਂ। ਪੀਲ ਰੀਜਨ ਵਿੱਚ ਸੀਨੀਅਰਾਂ ਦੀ ਗਿਣਤੀ ਵਿੱਚ 75% ਵਾਧਾ ਇੰਮੀਗਰਾਂਟ ਸੀਨੀਅਰਾਂ ਦੀ ਬਦੌਲਤ ਹੋ ਰਿਹਾ ਹੈ। ਇਹਨਾਂ ਵਿੱਚੋਂ ਕਿੰਨੇ ਕੁ ਹੋਣਗੇ ਜਿਹੜੇ ਤਕਨਾਲੋਜੀ ਨਾਲ ਆਪਣੀ ਸਿਹਤ ਦੀ 'ਤਿੰਨ ਪੰਜ' ਨੂੰ ਸਮਝ ਸਕੱਣਗੇ।

ਉਂਟੇਰੀਓ ਵਿੱਚ ਜਿਸ ਰਫਤਾਰ ਨਾਲ ਜਨਸੰਖਿਆ ਖਾਸਕਰਕੇ ਸੀਨੀਅਰਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ, ਸਿੱਟੇ ਵਜੋਂ ਸਿਹਤ ਸਿਸਟਮ ਉੱਤੇ ਬੋਝ ਵੱਧਣਾ ਸੁਭਾਵਕ ਹੈ ਜਿਸਦੇ ਹੱਲ ਵਾਸਤੇ ਨਵੇਂ ਤਰੀਕੇ ਇਜਾਦ ਕਰਨਾ ਸ਼ੌਕ ਨਹੀਂ ਸਗੋਂ ਮਜਬੂਰੀ ਹੈ। ਇਸ ਸਾਲ ਉਂਟੇਰੀਓ ਦਾ ਸਿਹਤ ਸੰਭਾਲ ਲਈ ਬਜ਼ਟ 63.5 ਬਿਲੀਅਨ ਡਾਲਰ ਰੱਖਿਆ ਗਿਆ ਸੀ ਜਿਸ ਵਿੱਚੋਂ 35% ਭਾਵ 22.4 ਬਿਲੀਅਨ ਡਾਲਰ ਹਸਪਤਾਲਾਂ ਦੀਆਂ ਸੇਵਾਵਾਂ ਉੱਤੇ, 25% (15.5 ਬਿਲੀਅਨ ਡਾਲਰ) ਡਾਕਟਰਾਂ ਖਾਸ ਕਰਕੇ ਫੈਮਲੀ ਡਾਕਟਰਾਂ ਦੀਆਂ ਫੀਸਾਂ ਉੱਤੇ ਖਰਚ ਹੋ ਜਾਵੇਗਾ। ਲੌਂਗ ਟਰਮ ਕੇਅਰ ਹੋਮਾਂ ਉੱਤੇ 4.6 ਬਿਲੀਅਨ ਡਾਲਰ ਖਰਚ ਹੋਣਗੇ। ਇਹ ਸਾਰੇ ਖਰਚੇ ਦੱਸਦੇ ਹਨ ਕਿ ਜੇ ਕੁੱਝ ਨਵਾਂ ਅਤੇ ਸਹੀ ਨਾ ਕੀਤਾ ਗਿਆ ਤਾਂ ਉਂਟੇਰੀਓ ਦਾ ਸਿਹਤ ਸਿਸਟਮ ਹੌਲੀ 2 ਜਰਜਰ ਹੋ ਕੇ ਆਪਣੇ ਭਾਰ ਥੱਲੇ ਖੁਦ ਹੀ ਢਹਿ ਜਾਵੇਗਾ।

C D Howe institute ਸਮੇਤ ਕਈ ਮਾਹਰਾਂ ਦਾ ਸੁਝਾਅ ਹੈ ਕਿ ਪਬਲਿਕ ਨੂੰ ਖੁੱਲ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਓਹਿੱਪ ਤੋਂ ਬਾਹਰ ਜਾ ਕੇ ਸਿਹਤ ਸੰਭਾਲ ਲਈ ਪ੍ਰਾਈਵੇਟ ਕਰਵੇਜ਼ ਖਰੀਦ ਸੱਕਣ। ਇਸ ਨਾਲ ਬੀਮਾ ਕੰਪਨੀਆਂ ਵੱਲੋਂ ਮੁਕਾਬਲੇ ਦੀ ਭਾਵਨਾ ਨਾਲ ਵਧੀਆਂ ਪਲਾਨ ਅਤੇ ਪ੍ਰਾਈਵੇਟ ਡਾਕਟਰਾਂ ਵੱਲੋਂ ਘੱਟ ਸਮੇਂ ਵਿੱਚ ਵਧੀਆਂ ਸੇਵਾਵਾਂ ਦੇਣਾ ਸੰਭਵ ਹੋ ਸਕਦਾ ਹੈ। ਸਿਹਤ ਸੁਧਾਰਾਂ ਬਾਰੇ ਬਣੀ ਕਾਉਂਸਲ ਵੱਲੋਂ ਹਾਲੇ ਹੋਰ ਵੀ ਰਿਪੋਰਟਾਂ ਜਾਰੀ ਕੀਤੀਆਂ ਜਾਣੀਆਂ ਹਨ ਜਿਸ ਕਾਰਣ ਆਸ ਰੱਖਣੀ ਚਾਹੀਦੀ ਹੈ ਕਿ ਅੰਤ ਨੂੰ ਇਹ ਪ੍ਰੋਵਿੰਸ ਦੇ ਭਲੇ ਲਈ ਕੁੱਝ ਕਰ ਗੁਜ਼ਰੇਗੀ। ਸੁਆਲ ਹੈ ਕਿ ਡੱਗ ਫੋਰਡ ਦੇ ਅਤਿ ਨਜ਼ਦੀਕੀ ਅਤੇ ਸਾਬਕਾ ਪ੍ਰੀਮੀਅਰ ਮਾਈਕ ਹੈਰਿਸ ਵੇਲੇ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਰਹਿ ਚੁੱਕੇ ਡਾਕਟਰ ਰੁਏਬੇਨ ਵੱਲੋਂ ਆਪਣੇ ਦੋਸਤ ਨਾਲ ਦੋਸਤਾਨਾ ਹੀ ਪੁਗਾਇਆ ਜਾਵੇਗਾ ਜਾਂ ਪ੍ਰੋਵਿੰਸ ਦੇ ਭਲੇ ਹਿੱਤ ਕੁੱਝ ਚੰਗਾ ਸੁਝਾਇਆ ਜਾਵੇਗਾ?

## ਕਾਰਬਨ ਟੈਕਸ ਦੀ ਆਮਦਨ 'ਚੋਂ 60 ਮਿਲੀਅਨ ਡਾਲਰ ਸਕੂਲਾਂ 'ਚ ਗ੍ਰੀਨ ਪ੍ਰੋਜੈਕਟਸ ਲਈ ਦਿੱਤੇ ਜਾਣਗੇ : ਮੈਕੇਨਾ

...ਪੰਨਾ 1 ਦਾ ਬਾਕੀ

ਇਸ ਨਾਲ ਸਕੂਲ ਪੈਸੇ ਦੀ ਬਚਤ ਕਰਨ ਵਿੱਚ ਕਾਮਯਾਬ ਹੋਣਗੇ ਤੇ ਉਹੀ ਰਕਮ ਉਹ ਬੱਚਿਆਂ ਦੀ ਭਲਾਈ ਲਈ ਖਰਚ ਕਰ ਸਕਣਗੇ।
ਮੈਕੇਨਾ ਨੇ ਆਖਿਆ ਕਿ 60 ਮਿਲੀਅਨ ਵਿੱਚੋਂ ਕੁੱਝ ਰਕਮ ਹਾਸਲ ਕਰਨ ਵਾਲੇ 6000 ਸਕੂਲ ਆਪਣੀਆਂ ਪੁਰਾਣੀਆਂ ਖਿੜਕੀਆਂ ਬਦਲਾਉਣ ਤੇ ਸੋਲਰ ਪੈਨਲ ਲਗਵਾਉਣ ਆਦਿ ਉੱਤੇ ਇਹ ਰਕਮ ਖਰਚ ਸਕਣਗੇ। ਇਸ ਰਕਮ ਵਿੱਚੋਂ 41 ਮਿਲੀਅਨ ਓਨਟਾਰੀਓ ਨੂੰ ਜਾਵੇਗੀ, ਸਸਕੈਚਵਨ ਦੇ ਸਕੂਲਾਂ ਨੂੰ 12 ਮਿਲੀਅਨ ਡਾਲਰ, ਮੈਨੀਟੋਬਾ ਦੇ ਸਕੂਲਾਂ ਨੂੰ 5 ਮਿਲੀਅਨ ਡਾਲਰ ਤੇ ਨਿਊ ਬਰੰਜ਼ਵਿੱਕ ਦੇ ਸਕੂਲਾਂ ਨੂੰ 2 ਮਿਲੀਅਨ ਡਾਲਰ ਦਿੱਤੇ ਜਾਣਗੇ।
ਮੈਕੇਨਾ ਨੇ ਦੱਸਿਆ ਕਿ ਇਸ ਫੈਸਲੇ ਦੇ ਸਬੰਧ ਵਿੱਚ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਚਿੱਠੀ ਭੇਜ ਦਿੱਤੀ ਗਈ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਫੈਡਰਲ ਸਰਕਾਰ ਇਹ ਉਮੀਦ ਨਹੀਂ ਕਰਦੀ ਕਿ ਬਰਾਬਰ ਰਕਮ ਪ੍ਰੋਵਿੰਸਾਂ ਵੱਲੋਂ ਵੀ ਪਾਈ ਜਾਵੇ। ਉਨ੍ਹਾਂ ਆਖਿਆ ਕਿ ਸਾਨੂੰ ਉਮੀਦ ਹੈ ਕਿ ਪ੍ਰੋਵਿੰਸਾਂ ਇਸ ਨੂੰ ਚੰਗਾ ਕੰਮ ਮੰਨਣਗੀਆਂ।

## ਚੀਨ ਵੱਲੋਂ ਕੈਨੇਡੀਅਨ ਮੀਟ ਐਕਸਪੋਰਟ ਸਸਪੈਂਡ ਕਰਨ ਦੀ ਮੰਗ

...ਪੰਨਾ 1 ਦਾ ਬਾਕੀ

ਇਸ ਲਈ ਚੀਨ ਵੱਲੋਂ ਆਪਣੇ ਗਾਹਕਾਂ ਨੂੰ ਬਚਾਉਣ ਲਈ ਇਹ ਮਾਪਦੰਡ ਚੁੱਕੇ ਜਾ ਰਹੇ ਹਨ। ਇਹ ਵੀ ਆਖਿਆ ਗਿਆ ਕਿ ਸਾਨੂੰ ਲੱਗਦਾ ਹੈ ਕਿ ਕੈਨੇਡੀਅਨ ਧਿਰ ਇਸ ਮਾਮਲੇ ਨੂੰ ਅਹਿਮੀਅਤ ਦੇਵੇਗੀ ਤੇ ਇਸ ਦੀ ਜਲਦ ਤੋਂ ਜਲਦ ਜਾਂਚ ਕਰਵਾਕੇ ਚੀਨ ਨੂੰ ਐਕਸਪੋਰਟ ਕੀਤੇ ਜਾਣ ਵਾਲੇ ਫੂਡ ਸਬੰਧੀ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ ਤੇ ਹੋਰ ਜ਼ਿੰਮੇਵਾਰਾਨਾ ਢੰਗ ਨਾਲ ਕੰਮ ਕੀਤਾ ਜਾਵੇਗਾ।
ਖੇਤੀਬਾੜੀ ਮੰਤਰੀ ਮੈਰੀ ਕਲੌਡੇ ਬਿਬਿਊ ਵੱਲੋਂ ਇਸ ਰਿਪੋਰਟ ਉੱਤੇ ਫੌਰੀ ਤੌਰ ਉੱਤੇ ਕੋਈ ਟਿੱਪਣੀ ਨਹੀਂ ਕੀਤੀ ਗਈ।

## ਕੈਨੇਡੀਅਨ ਐਸਟ੍ਰੋਨੌਟ ਡੇਵਿਡ ਸੇਂਟ ਜੈਕੁਅਸ ਧਰਤੀ ਉੱਤੇ ਪਰਤੇ

...ਪੰਨਾ 1 ਦਾ ਬਾਕੀ

ਪਹਿਲੀ ਵਾਰੀ ਕਿਸੇ ਕੈਨੇਡੀਅਨ ਐਸਟ੍ਰੋਨੌਟ ਨੇ ਰੋਬੋਟਿਕ ਆਰਮ ਦੀ ਵਰਤੋਂ ਕੀਤੀ। ਇੰਜੀਨੀਅਰ, ਐਸਟ੍ਰੋਫਿਜ਼ੀਸਿਸਟ ਤੇ ਫੈਮਿਲੀ ਡਾਕਟਰ ਨੇ ਵਿਗਿਆਨ ਦੇ ਤਜ਼ਰਬਿਆਂ ਦੀ ਨਿਗਰਾਨੀ ਕੀਤੀ ਤੇ ਇਸ ਮਿਸ਼ਨ ਦੌਰਾਨ ਕੈਨੇਡਾ ਭਰ ਦੇ ਕਈ ਬੱਚਿਆਂ ਨਾਲ ਗੱਲਬਾਤ ਵੀ ਕੀਤੀ।
ਨਾਸਾ ਨੇ ਇਸ ਲੈਂਡਿੰਗ ਨੂੰ ਬਿਲਕੁਲ ਸਹੀ ਦੱਸਿਆ। ਕੈਪਸੂਲ ਵਿੱਚੋਂ ਸੇਂਟ ਜੈਕੁਅਸ ਨੂੰ ਸੱਭ ਤੋਂ ਅਖੀਰ ਵਿੱਚ ਬਾਹਰ ਕੱਢਿਆ ਗਿਆ। ਸੇਂਟ ਜੈਕੁਅਸ ਵਿਆਹੇ ਹੋਏ ਹਨ ਤੇ ਉਨ੍ਹਾਂ ਦੇ ਤਿੰਨ ਬੱਚੇ ਹਨ। ਉਨ੍ਹਾਂ ਨੇ ਜਲਦ ਹੀ ਆਪਣੇ ਪਰਿਵਾਰ ਨਾਲ ਮੁਲਾਕਾਤ ਦੀ ਸੰਭਾਵਨਾ ਪ੍ਰਗਟਾਈ ਹੈ।

## ਰਾਤ ਲਈਆਂ ਲਾਵਾਂ, ਸਵੇਰੇ ਹਾਦਸੇ ਨੇ ਸਾਥ ਤੋੜਿਆ

ਔਰੰਗਾਬਾਦ, 25 ਜੂਨ (ਪੋਸਟ ਬਿਊਰੋ)- ਰਾਤ ਹੋਏ ਵਿਆਹ ਤੇ ਖੁਸ਼ੀ-ਖੁਸ਼ੀ ਲਾੜਾ ਆਪਣੀ ਵਹੁਟੀ ਨੂੰ ਉਸ ਦੇ ਪੇਕੇ ਤੋਂ ਵਿਦਾ ਕਰਵਾ ਕੇ ਆਪਣੇ ਨਾਲ ਲਿਜਾ ਰਿਹਾ ਸੀ। ਰਸਤੇ ਵਿੱਚ ਦੋਵੇ ਆਪਣੀ ਨਵੀਂ ਦੁਨੀਆ ਵਸਾਉਣ ਦੇ ਸੁਪਨੇ ਦੇਖ ਰਹੇ ਸਨ। ਵਹੁਟੀ ਨੂੰ ਪੇਕੇ ਛੱਡਣ ਦੀ ਗਮ ਸੀ ਅਤੇ ਲਾੜਾ ਉਸ ਨੂੰ ਉਦਾਸ ਦੇਖ ਕੇ ਰਸਤੇ ਵਿੱਚ ਖੁਸ਼ ਕਰਨ ਦੀ ਕੋਸ਼ਿਸ਼ ਵਿੱਚ ਕਰ ਰਿਹਾ ਸੀ, ਪਰ ਇਹ ਸਾਰਾ ਕੁਝ ਪਲਾਂ ਵਿੱਚ ਖਤਮ ਹੋ ਗਿਆ। ਔਰੰਗਾਬਾਦ-ਅੰਬਾ ਰੋਡ ਦੇ ਦੋਸਤਾਨਾ ਹੋਟਲ ਨੇੜੇ ਮੰਗਲਵਾਰ ਸਵੇਰੇ ਦੋ ਵਾਹਨਾਂ ਦੀ ਟੱਕਰ ਵਿੱਚ ਵਿਆਹ ਪਿੱਛੋਂ ਲਾੜੇ-ਲਾੜੀ ਵਾਲੀ ਕਾਰ ਦੇ ਪਰਖੱਚੇ ਉਡ ਗਏ। ਲਾੜੀ ਨੇਹਾ ਕੁਮਾਰੀ ਦੀ ਮੌਤ ਹੋ ਗਈ। ਲਾੜਾ ਉੱਜਵਲ ਕੁਮਾਰ ਗੰਭੀਰ ਜ਼ਖਮੀ ਹੋ ਗਿਆ। ਉਹ ਔਰੰਗਾਬਾਦ ਹਸਪਤਾਲ ਵਿੱਚ ਦਾਖਲ ਹੈ। ਪਤਾ ਲੱਗਾ ਹੈ ਕਿ ਨਵੀਨਗਰ ਥਾਣਾ ਖੇਤਰ ਦੇ ਲਖਨਊ ਪਿੰਡ ਦੇ ਆਲਹਾ ਸਿੰਘ ਦੀ ਇਕਲੌਤੀ ਧੀ ਨੇਹਾ ਕੁਮਾਰੀ ਨਾਲ ਓਬਰਾ ਦੇ ਚੋਚਾਢੀ ਪਿੰਡ ਦੇ ਇੰਦਰਦੇਵ ਸਿੰਘ ਦੇ ਪੁੱਤਰ ਉੱਜਵਲ ਕੁਮਾਰ ਉਰਫ ਬਬਲੂ ਦਾ ਵਿਆਹ ਸੋਮਵਾਰ ਰਾਤ ਹੋਇਆ ਸੀ। ਇਸ ਪਿੱਛੋਂ ਲਾੜਾ ਆਪਣੀ ਲਾੜੀ ਦੀ ਵਿਦਾਈ ਕਰਵਾ ਕੇ ਆਪਣੇ ਘਰ ਜਾ ਰਿਹਾ ਸੀ। ਰਾਹ ਵਿੱਚ ਇਹ ਘਟਨਾ ਵਾਪਰ ਗਈ। ਲਾੜਾ-ਲਾੜੀ ਦੀ ਕਾਰ ਕਿਸੇ ਦੂਸਰੇ ਵਾਹਨ ਨਾਲ ਟਕਰਾ ਗਈ। ਦੋਵਾਂ ਨੂੰ ਇਲਾਜ ਲਈ ਔਰੰਗਾਬਾਦ ਹਸਪਤਾਲ ਲਿਆਂਦਾ ਤਾਂ ਡਾਕਟਰਾਂ ਨੇ ਲਾੜੀ ਨੂੰ ਮ੍ਰਿਤਕ ਐਲਾਨ ਦਿੱਤਾ। ਲਾੜੇ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਵੈਲਜ਼ ਆਫ ਹੰਭਰ ਸੀਨੀਅਰਜ਼ ਵੈਲਫੇਅਰ ਕਲੱਬ ਬਰੈਂਪਟਨ ਦੀ ਗਵਰਨਿੰਗ ਬਾਡੀ ਦੀ ਨਵੀਂ ਚੋਣ

ਬਰੈਂਪਟਨ, 25 ਜੂਨ (ਪੋਸਟ ਬਿਊਰੋ)- ਬੀਤੀ 9 ਜੂਨ ਨੂੰ ਵੈਲਜ਼ ਆਫ ਹੰਭਰ ਸੀਨੀਅਰਜ਼ ਕਲੱਬ ਦੀ ਮੀਟਿੰਗ ਹੋਈ। ਜਿਸ ਵਿਚ ਪੁਰਾਣੀ ਗਵਰਨਿੰਗ ਬਾਡੀ ਦੇ ਪ੍ਰਧਾਨ ਨੇ ਦੱਸਿਆ ਕਿ ਕਲੱਬ ਦੇ ਵਿਧਾਨ ਮੁਤ-ਾਬਿਕ ਕਮੇਟੀ ਨੇ ਦੋ ਸਾਲ ਦਾ ਸਮਾਂ ਪੂਰਾ ਕਰ ਲਿਆ ਹੈ ਤੇ ਉਹ ਚਾਹੁੰਦੇ ਹਨ ਕਿ ਨਵੀਂ ਗਵਰਨਿੰਗ ਬਾਡੀ ਦੀ ਚੋਣ ਕੀਤੀ ਜਾਵੇ। ਸਾਰੇ ਮੈਂਬਰਾਂ ਦੀ ਰਜ਼ਾਮੰਦੀ ਨਾਲ ਪੁਰਾਣੇ ਮੈਂਬਰਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਗਿਆ ਤੇ ਨਵੀਂ ਕਮੇਟੀ ਦੀ ਚੋਣ ਕਰ ਲਈ ਗਈ। ਜਿਸ ਵਿਚ ਅਮਰੀਕ ਸਿੰਘ ਸੰਧੂ ਨੂੰ ਕਲੱਬ ਦਾ ਪ੍ਰਧਾਨ ਬਣਾਇਆ ਗਿਆ ਤੇ ਹਰਜੀਤ ਸਿੰਘ ਨੂੰ ਕਲੱਬ ਦਾ ਜਨਰਲ ਸੈਕਟਰੀ ਬਣਾਇਆ ਗਿਆ। ਇਸ ਤੋ ਇਲਾਵਾ ਗਵਰਨਿੰਗ ਬਾਡੀ ਦੇ ਬਾਕੀ ਮੈਂਬਰ ਵੀ ਚੁਣ ਲਏ ਗਏ।

## ਮੋਦੀ ਨੂੰ ਬੋਲੇ ਕਾਂਗਰਸੀ ਐੱਮ ਪੀ: ਕਿੱਥੇ ਗੰਗਾ ਮਾਂ ਅਤੇ ਕਿੱਥੇ ਗੰਦੀ ਨਾਲੀ, ਫਿਰ ਮੰਗੀ ਮੁਆਫੀ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਲੋਕ ਸਭਾ ਵਿੱਚ ਕਾਂਗਰਸ ਪਾਰਟੀ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਵਿਵਾਦਤ ਬਿਆਨ ਦਿੱਤਾ। ਉਨ੍ਹਾਂ ਨੇ ਨਰਿੰਦਰ ਮੋਦੀ ਲਈ 'ਗੰਦੀ ਨਾਲੀ' ਸ਼ਬਦ ਦੀ ਵਰਤੋਂ ਕੀਤੀ ਹੈ। ਅਧੀਰ ਰੰਜਨ ਚੌਧਰੀ ਨੇ ਕਿਹਾ ਕਿ 'ਕਿੱਥੇ ਗੰਗਾ ਮਾਂ ਅਤੇ ਕਿੱਥੇ ਗੰਦੀ ਨਾਲੀ' ਦੋਵਾਂ ਦੀ ਤੁਲਨਾ ਸਹੀ ਨਹੀਂ। ਇਹ ਗੱਲ ਉਨ੍ਹਾਂ ਨੇ ਇੰਦਰਾ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਦਰਭ ਵਿੱਚ ਕਹੀ, ਜਿੱਥੇ ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਮਾਂ ਗੰਗਾ ਵਾਂਗ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੰਦੀ ਨਾਲੀ ਵਰਗਾ ਦੱਸਿਆ। ਇਸ ਤੋਂ ਬਾਅਦ ਉਨ੍ਹਾਂ ਨੇ ਇਹ ਵੀ ਕਿਹਾ ਕਿ 'ਸਾਡਾ ਹੋਰ ਮੂੰਹ ਨਾ ਖੁੱਲ੍ਹਵਾਓ।"
ਅਸਲ ਵਿੱਚ ਭਾਜਪਾ ਨੇ ਲੋਕ ਸਭਾ ਵਿੱਚ ਪਹਿਲਾਂ ਇਹ ਦੋਸ਼ ਲਾਇਆ ਸੀ ਕਿ ਕਾਂਗਰਸ ਪਾਰਟੀ ਨੇ ਤਾਂ ਇੱਕ ਸਮੇਂ 'ਇੰਦਰਾ ਇਜ਼ ਇੰਡੀਆ' ਵਰਗਾ ਮਾਹੌਲ ਬਣਾ ਦਿੱਤਾ ਸੀ, ਜਿਸ ਦੇ ਜਵਾਬ ਵਿੱਚ ਅਧੀਰ ਰੰਜਨ ਚੌਧਰੀ ਮਰਿਆਦਾ ਪਾਰ ਕਰ ਗਏ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ 'ਗੰਦੀ ਨਾਲੀ' ਵਰਗੇ ਗੰਦੇ ਸ਼ਬਦਾਂ ਦੀ ਵਰਤੋਂ ਕਰ ਬੈਠੇ। ਬਿਆਨ 'ਤੇ ਵਿਵਾਦ ਵਧਣ ਤੋਂ ਬਾਅਦ ਕਾਂਗਰਸੀ ਪਾਰਲੀਮੈਂਟ ਮੈਂਬਰ ਨੇ ਮੁਆਫੀ ਮੰਗ ਲਈ। ਉਨ੍ਹਾਂ ਸਫਾਈ ਦਿੰਦਿਆਂ ਕਿਹਾ ਕਿ ਮੈਂ ਪੱਛਮੀ ਬੰਗਾਲ ਤੋਂ ਹਾਂ। ਇਸ ਲਈ ਮੇਰੀ ਹਿੰਦੀ ਕਮਜ਼ੋਰ ਹੈ, ਪਰ ਜੇ ਜਾਣੇ-ਅਣਜਾਣੇ ਵਿੱਚ ਮੇਰੇ ਕਹੇ ਹੋਏ ਸ਼ਬਦਾਂ ਨਾਲ ਕਿਸੇ ਨੂੰ ਸੱਟ ਵੱਜੀ ਹੈ ਤਾਂ ਮੈਂ ਉਸ ਦੇ ਲਈ ਮੁਆਫੀ ਚਾਹੁੰਦਾ ਹਾਂ।

## ਨੀਤੀ ਆਯੋਗ ਦੀ ਰਿਪੋਰਟ: ਸਿਹਤ ਸਹੂਲਤਾਂ ਦੇ ਪੱਖ ਤੋਂ ਪਛੜਦਾ ਜਾ ਰਿਹੈ ਪੰਜਾਬ

ਨਵੀਂ ਦਿੱਲੀ, 25 ਜੂਨ, (ਪੋਸਟ ਬਿਊਰੋ)- ਸਿਹਤ ਸੇਵਾਵਾਂ ਦੇਣ ਦੇ ਕੰਮ ਵਿਚ ਪੰਜਾਬ ਲਗਤਾਰ ਪਛੜਦਾ ਜਾ ਰਿਹਾ ਹੈ। ਏਥੋਂ ਦੀ ਰਾਜ ਸਰਕਾਰ ਆਪਣੇ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਹਾਸਲ ਕਰਵਾਉਣ ਵਿਚ ਅਤੇ ਉਨ੍ਹਾਂ ਦਾ ਸੁਧਾਰ ਕਰਨ ਦੇ ਮਾਮਲੇ ਵਿਚ ਵੀ ਲਗਾਤਾਰ ਪਛੜਦੀ ਸਾਬਤ ਹੋ ਰਹੀ ਹੈ।
ਇਹ ਨਤੀਜਾ ਨੀਤੀ ਆਯੋਗ ਦੀ ਉਸ ਰਿਪੋਰਟਤੋਂ ਨਿਕਲਿਆ ਹੈ, ਜਿਹੜੀ ਅੱਜ ਮੰਗਲਵਾਰ ਜਾਰੀ ਕੀਤੀ ਗਈ ਹੈ। ਨੀਤੀ ਕਮਿਸ਼ਨ ਵੱਲੋਂ ਸਿਹਤ ਮੰਤਰਾਲਾ ਅਤੇ ਵਿਸ਼ਵ ਬੈਂਕ ਨਾਲ ਬਣਾਈ ਇਸ ਰਿਪੋਰਟ 'ਸਿਹਤ, ਸੂਬਾ, ਪ੍ਰਗਤੀਸ਼ੀਲ ਭਾਰਤ' ਦਾ ਦੂਜਾ ਐਡੀਸ਼ਨ ਅੱਜ ਮੰਗਲਵਾਰ ਆਯੋਗ ਦੇ ਪ੍ਰਧਾਨ ਰਾਜੀਵ ਕੁਮਾਰ, ਮੁੱਖ ਕਾਰਜਕਾਰੀ ਅਫਸਰ ਅਮਿਤਾਭ ਕਾਂਤ, ਮੈਂਬਰ ਡਾ. ਵੀ ਕੇ ਪਾਲ, ਸਿਹਤ ਸਕੱਤਰ ਪ੍ਰੀਤੀ ਸੂਦਨ ਨੇ ਜਾਰੀ ਕੀਤਾ। ਇਸ ਰਿਪੋਰਟ ਮੁਤਾਬਕ ਪੰਜਾਬ ਪਹਿਲਾਂ ਸਿਹਤ ਸਹੂਲਤਾਂ ਦੇਣ ਦੇ ਪੱਖੋਂ ਦੇਸ਼ ਵਿਚ ਦੂਸਰੇ ਨੰਬਰ ਉੱਤੇ ਸੀ,ਨਵੀਂ ਰਿਪੋਰਟ ਮੁਤਾਬਕ ਦੂਜੇ ਤੋਂ ਡਿੱਗ ਕੇ ਪੰਜਵੇਂ ਥਾਂ ਆ ਗਿਆ ਹੈ। ਰਿਪੋਰਟ ਵਿਚ ਕੇਰਲ ਲਗਾਤਾਰ ਦੂਸਰੀ ਵਾਰ ਪਹਿਲੇ ਥਾਂ ਰਿਹਾ ਹੈ। ਪੰਜਾਬ ਨੂੰ ਪਛਾੜ ਕੇ ਆਂਧਰਾ ਪ੍ਰਦੇਸ਼ ਨੇ ਇਸ ਪੱਖੋਂ ਦੂਸਰਾ ਥਾਂ ਹਾਸਲ ਕਰ ਲਿਆ ਹੈ। ਪਹਿਲਾਂ ਆਂਧਰਾ ਪ੍ਰਦੇਸ਼ ਸਿਹਤ ਸੇਵਾਵਾਂ ਦੇ ਪੱਖੋਂ ਸੱਤਵੇਂ ਥਾਂ ਸੀ।ਬਿਹਾਰ ਦੀ ਸਥਿਤੀ ਇਸ ਕੰਮ ਵਿੱਚਖਰਾਬ ਹੋਈ ਅਤੇ ਇਹ 19ਵੇਂ ਤੋਂ ਤਿਲਕ ਕੇ 20ਵੇਂ ਥਾਂ ਚਲਾ ਗਿਆ ਹੈ। ਉੱਤਰ ਪ੍ਰਦੇਸ਼ ਸਭ ਤੋਂ ਹੇਠਲੇਂ ਨੰਬਰ ਉੱਤੇਹੀ ਟਿਕਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਸੂਚੀ ਵਿੱਚ ਦਿੱਲੀ ਦੀਆਂ ਸਿਹਤ ਸੇਵਾਵਾਂਦਾ ਸੁਧਾਰ ਨਹੀਂ ਹੋਇਆ ਤੇ ਇਹ ਰਾਜ ਪਿਛਲੇ ਸਾਲ ਵਾਲੇ ਤੀਸਰੇ ਥਾਂ ਤੋਂ ਡਿੱਗ ਕੇ ਇਸ ਵਾਰੀ ਪੰਜਵੇਂ ਥਾਂਚਲਾ ਗਿਆ ਹੈ।
ਨੀਤੀ ਆਯੋਗ ਦੀ ਇਸ ਰਿਪੋਰਟ ਦਾ ਆਧਾਰ ਸਾਲ 2015-16 ਹੈ ਅਤੇ ਇਹ ਰਿਪੋਰਟ 2017-18 ਲਈ ਹੈ। ਇਸ ਵਿੱਚ ਦੋ ਤਰ੍ਹਾਂ ਰੈਂਕਿੰਗ ਕੀਤੀ ਗਈ ਹੈ, ਜਿਸ ਵਿੱਚੋਂ ਇਕ ਸਮੁੱਚੇ ਪ੍ਰਦਰਸ਼ਨਦਾ ਪੱਖ ਹੈ, ਦੂਸਰਾ ਪੱਖ ਹਰ ਸਾਲ ਦੇ ਸੁਧਾਰ ਉੱਤੇ ਆਧਾਰਤ ਹੈ। ਵੱਡੇ ਰਾਜਾਂ ਦੀ ਸੂਚੀ ਵਿੱਚ ਕੁਲ ਪ੍ਰਦਰਸ਼ਨ ਦੇ ਪੱਖੋਂ ਮਹਾਰਾਸ਼ਟਰ ਤੀਸਰੇ, ਗੁਜਰਾਤ ਚੌਥੇ ਤੇ ਪੰਜਾਬ ਪੰਜਵੇਂ ਥਾਂ ਉੱਤੇਹੈ। ਇਸ ਤੋਂ ਬਾਅਦ ਹਿਮਾਚਲ ਪ੍ਰਦੇਸ਼ 6ਵੇਂ ਅਤੇ ਜੰਮੂ-ਕਸ਼ਮੀਰ ਸੱਤਵੇਂ ਥਾਂ ਉੱਤੇ ਕਾਇਮ ਰਿਹਾ ਹੈ। ਕਰਨਾਟਕ ਅੱਠਵੇਂ ਸਥਾਨ ਉੱਤੇ ਆ ਗਿਆ ਤੇ ਤਾਮਿਲਨਾਡੂ ਤੀਸਰੇ ਤੋਂ ਤਿਲਕ ਕੇ ਨੌਵੇਂ ਥਾਂ ਚਲਾ ਗਿਆ ਹੈ। ਪੱਛਮੀ ਬੰਗਾਲ 10ਵੇਂਥਾਂਤੋਂ 11ਵੇਂ ਥਾਂ, ਪਰ ਤੇਲੰਗਾਨਾ 11ਵੇਂ ਤੋਂ ਸੁਧਰ ਕੇ 10ਵੇਂ ਥਾਂ ਆ ਗਿਆ ਹੈ, ਜਦ ਕਿ ਛੱਤੀਸਗੜ੍ਹ 12ਵੇਂ ਤੋਂ 13ਵੇਂ ਸਥਾਨ ਉੱਤੇ ਅਤੇ ਹਰਿਆਣਾ 13ਵੇਂ ਥਾਂਤੋਂਕੁਝ ਵਧ ਕੇ 12ਵੇਂ ਥਾਂ ਪਹੁੰਚ ਗਿਆ। ਝਾਰਖੰਡ ਦਾ 14ਵਾਂ ਸਥਾਨ ਪਹਿਲਾਂ ਵਾਂਗ ਕਾਇਮ ਹੈ। ਉੱਤਰਾਖੰਡ ਇਸ ਸਾਲ 15ਵੇਂ ਤੋਂ 17 ਥਾਂ ਉੱਤੇ ਆ ਗਿਆ ਅਤੇ ਅਸਾਮ 16ਵੇਂ ਤੋਂ ਸੁਧਰ ਕੇ 15ਵੇਂ ਥਾਂ ਚਲਾ ਗਿਆ। ਮੱਧ ਪ੍ਰਦੇਸ਼, ਓਡੀਸ਼ਾ ਤੇ ਬਿਹਾਰ ਇਕ ਇਕ ਸਥਾਨ ਹੋਰ ਡਿੱਗ ਕੇ 18ਵੇਂ, 19ਵੇਂ ਅਤੇ 20ਵੇਂ ਥਾਂ ਚਲੇ ਗਏ ਹਨ। ਰਾਜਸਥਾਨ 20ਵੇਂ ਸਥਾਨ ਤੋਂਚੜ੍ਹ ਕੇ 16ਵੇਂ ਥਾਂ ਆ ਗਿਆ ਹੈ। ਉੱਤਰ ਪ੍ਰਦੇਸ਼ ਵਿੱਚ ਕੋਈ ਸੁਧਾਰ ਨਹੀਂ ਹੋਇਆ ਅਤੇ ਉਹ ਇਸ ਸੂਚੀ ਵਿੱਚ ਸਭ ਤੋਂ ਹੇਠਾਂ 21ਵੇਂ ਥਾਂਹੀ ਰਿਹਾ ਹੈ।

## ਭਾਜਪਾ ਨੇਤਾ ਦੀ ਧਮਕੀ ਵਾਇਰਲ: ਸੜਕ ਬਣਾਉਣ ਦੀ ਮੰਗ ਉੱਤੇ ਜੁੱਤੀਆਂ ਮਾਰਨ ਦੀ ਧਮਕੀ ਦਿੱਤੀ

ਜੀਂਦ, 25 ਜੂਨ (ਪੋਸਟ ਬਿਊਰੋ)- ਭਾਜਪਾ ਨੇਤਾ ਵੱਲੋਂ ਸ਼ਹਿਰ ਦੇ ਕਾਲਜ ਰੋਡ ਦੇ ਇੱਕ ਵਿਅਕਤੀ ਨੂੰ ਜੁੱਤੀਆਂ ਮਾਰਨ ਦੀ ਧਮਕੀ ਦੇਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਦੇ ਵਾਇਰਲ ਹੋਣ ਪਿੱਛੋਂ ਭਾਜਪਾ ਨੇਤਾ ਨੇ ਸਫਾਈ ਦਿੰਦੇ ਹੋਏ ਕਿਹਾ ਕਿ ਉਹ ਵਿਅਕਤੀ ਸੜਕ ਨਿਰਮਾਣ ਦੇ ਕੰਮ ਵਿੱਚ ਅੜਿਕਾ ਪਾ ਰਿਹਾ ਸੀ। ਉਨ੍ਹਾਂ ਦਾ ਇਰਾਦਾ ਉਸ ਨੂੰ ਧਮਕੀ ਦੇਣ ਦਾ ਨਹੀਂ, ਬਲਕਿ ਉਸ ਨੂੰ ਕੰਮ ਵਿੱਚ ਰੁਕਾਵਟ ਪੈਦਾ ਨਾ ਕਰਨ ਬਾਰੇ ਸਮਝਾਉਣ ਦਾ ਸੀ। ਵੀਡੀਓ ਵਿੱਚ ਕਾਲਜ ਰੋਡ ਦੇ ਕੁਝ ਲੋਕ ਇਥੇ ਲਗਭਗ ਤਿੰਨ ਮਹੀਨੇ ਪਹਿਲਾਂ ਪੁੱਟੀ ਗਈ ਸੜਕ ਕਾਰਨ ਉਨ੍ਹਾਂ ਨੂੰ ਪੇਸ਼ ਆ ਰਹੀ ਮੁਸ਼ਕਲ ਤੋਂ ਭਾਜਪਾ ਦੇ ਸੂਬਾ ਸਕੱਤਰ ਜਵਾਹਰ ਸੈਣੀ ਨੂੰ ਜਾਣੂ ਕਰਵਾ ਰਹੇ ਸਨ। ਲੋਕਾਂ ਨੇ ਉਨ੍ਹਾਂ ਨੂੰ ਇਥੋਂ ਦੇ ਹਾਲਾਤ ਦਿਖਾਉਣ ਲਈ ਮੌਕੇ 'ਤੇ ਬੁਲਾਇਆ ਸੀ। ਵੀਡੀਓ ਵਿੱਚ ਇੱਕ ਨੌਜਵਾਨ ਨੇਤਾ ਨੂੰ ਸਾਫ ਕਹਿੰਦਾ ਸੁਣਾਈ ਦੇ ਰਿਹਾ ਹੈ ਕਿ ਜੇ ਰਾਤ ਤੱਕ ਕੋਈ ਐਮਰਜੈਂਸੀ ਹੋ ਜਾਏ ਤਾਂ ਲੋਕ ਕਿਵੇਂ ਇਥੋਂ ਨਿਕਲ ਸਕਣਗੇ। ਉਹ ਨੌਜਵਾਨ ਨੇਤਾ ਨੂੰ ਖੁਦ ਨੂੰ ਆਪਣੇ ਸਥਾਨ ਤੇ ਰੱਖ ਕੇ ਸਮੱਸਿਆ ਬਾਰੇ ਸੋਚਣ ਲਈ ਕਹਿੰਦਾ ਹੈ। ਇਸ ਉਤੇ ਨੇਤਾ ਇਸ ਵਿਅਕਤੀ ਨੂੰ ਧਮਕੀ ਦਿੰਦੇ ਨਜ਼ਰ ਆਉਂਦੇ ਹਨ। ਕੁਝ ਲੋਕ ਬਚਾਅ ਕਰ ਕੇ ਮਾਮਲੇ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਭਾਜਪਾ ਨੇਤਾ ਜਵਾਹਰ ਸੈਣੀ ਦਾ ਕਹਿਣਾ ਸੀ ਕਿ ਜੋ ਆਦਮੀ ਉਨ੍ਹਾਂ ਨਾਲ ਗੱਲ ਕਰ ਰਿਹਾ ਹੈ, ਉਸ ਨੇ ਸੜਕ ਦੇ ਕੰਮ ਵਿੱਚ ਪਹਿਲਾਂ ਵੀ ਰੁਕਾਵਟ ਪਾਈ ਅਤੇ ਠੇਕੇਦਾਰ ਦੀ ਲੇਬਰ ਨੂੰ ਕੰਮ ਕਰਨ ਤੋਂ ਰੋਕ ਦਿੱਤਾ ਸੀ ਅਤੇ ਲੇਬਰ ਨਾਲ ਬਹਿਸ ਕੀਤੀ ਸੀ। ਇਸ 'ਤੇ ਠੇਕੇਦਾਰ ਨੇ ਇਸ ਤਰ੍ਹਾਂ ਦੇ ਮਾਹੌਲ ਵਿੱਚ ਸੜਕ ਦਾ ਕੰਮ ਕਰਨ ਵਿੱਚ ਅਸਮਰਥਤਾ ਨਗਰ ਪ੍ਰੀਸ਼ਦ ਦੇ ਅਧਿਕਾਰੀਆਂ ਸਾਹਮਣੇ ਜ਼ਾਹਰ ਕੀਤੀ। ਸੈਣੀ ਨੇ ਕਿਹਾ ਕਿ ਉਨ੍ਹਾਂ ਦਾ ਇਰਾਦਾ ਕਿਸੇ ਨੂੰ ਧਮਕੀ ਦੇਣ ਦੀ ਨਹੀਂ ਸੀ, ਬਲਕਿ ਕੰਮ ਵਿੱਚ ਰੁਕਾਵਟ ਪੈਦਾ ਕਰ ਰਹੇ ਵਿਅਕਤੀ ਨੂੰ ਸਮਝਾਉਣ ਦਾ ਸੀ।








## ਬੇਅਦਬੀ ਕਾਂਡ ਦਾ ਬਦਲਾ ਲੈਣ ਵਾਲਿਆਂ ਦੀ 'ਚੜ੍ਹਦੀ ਕਲਾ' ਲਈ ਅਰਦਾਸ ਵੀ ਕਰ ਦਿੱਤੀ ਗਈ

ਫਰੀਦਕੋਟ, 24 ਜੂਨ (ਪੋਸਟ ਬਿਊਰੋ)- ਬਰਗਾੜੀ ਬੇਅਦਬੀ ਕਾਂਡ ਦੀ ਜਾਂਚ ਪਿੱਛੋਂ ਕਈ ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚੋਂ ਇਨ੍ਹਾਂ ਦੇ ਆਗੂ ਕਹੇ ਜਾਂਦੇ ਮਹਿੰਦਰਪਾਲ ਬਿੱਟੂ ਦਾ ਨਾਭਾ ਜੇਲ੍ਹ ਦੇ ਅੰਦਰ ਕਤਲ ਕਰਨ ਦੀ ਘਟਨਾ ਪਿੱਛੋਂ ਇਸ ਜ਼ਿਲ੍ਹੇ 'ਚੇ ਹਾਲਾਤ ਨਾਜ਼ੁਕ ਬਣੇ ਹੋਏ ਹਨ। ਇੱਕ ਪਾਸੇ ਮਹਿੰ-ਦਰਪਾਲ ਦੀ ਲਾਸ਼ ਨੂੰ ਕੋਟਕਪੂਰਾ ਦੇ ਸਤਿਸੰਗ ਘਰ ਵਿੱਚ ਰੱਖ ਕੇ ਜਦੋਂ ਡੇਰਾ ਪ੍ਰੇਮੀ ਓਥੇ ਇਕੱਠੇ ਹੋ ਰਹੇ ਸਨ, ਦੂਜੇ ਪਾਸੇ ਬਰਗਾੜੀ ਦੇ ਜਿਸ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਕੀਤੀ ਗਈ ਸੀ, ਓਥੇ ਸਿੱਖ ਆਗੂ ਇਕੱਠੇ ਹੋ ਕੇ ਬੇਅਦਬੀ ਕਾਂਡ ਦਾ ਬਦਲਾ ਲੈਣ ਵਾਲਿਆਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰ ਰਹੇ ਸਨ। ਮਿਲੀ ਜਾਣਕਾਰੀ ਅਨੁਸਾਰ ਬਰਗਾੜੀ ਦੇ ਜਿਸ ਗੁਰਦੁਆਰਾ ਸਾਹਿਬ ਵਿਖੇ 2015 ਵਿੱਚ ਪਾਵਨ ਸਰੂਪਾਂ ਦੀਆਂ ਬੇਅਦਬੀਆਂ ਦੀ ਸ਼ੁਰੂਆਤ ਹੋਈ ਸੀ, ਓਥੇ ਹੀ ਕੱਲ੍ਹ ਸਵੇਰੇ ਜਸਵਿੰਦਰ ਸਿੰਘ ਦੀ ਅਗਵਾਈ 'ਚ ਕੁਝ ਸਿੱਖ ਆਗੂ ਇਕੱਠੇ ਹੋਏ। ਇਨ੍ਹਾਂ ਆਗੂਆਂ ਨੇ ਬੇਅਦਬੀ ਕਰਨ ਵਾਲਿਆਂ ਤੋਂ ਨਾਭਾ ਜੇਲ੍ਹ ਵਿੱਚ ਬਦਲਾ ਲੈਣ ਵਾਲਿਆਂ ਦੀ ਚੜ੍ਹਦੀ ਕਲਾ ਵਾਸਤੇ ਅਰਦਾਸ ਕੀਤੀ ਹੈ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੱਖ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਆਪਣੇ-ਆਪ ਨੂੰ ਪੰਥਕ ਕਹਾਉਣ ਵਾਲੀ ਸਰਕਾਰ ਨੇ ਬੇਅਦਬੀ ਕੇਸ ਵਿੱਚ ਠੋਸ ਕਾਰਵਾਈ ਨਹੀਂ ਕੀਤੀ, ਪਰ ਕਾਂਗਰਸ ਸਰਕਾਰ ਵੀ ਸਖਤ ਨਾਲ ਪੇਸ਼ ਨਹੀਂ ਆ ਰਹੀ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਇੰਨਾ ਕੀਤਾ ਕਿ ਬੇਅਦਬੀ ਦੇ ਦੋਸ਼ੀਆਂ ਦੀ ਸ਼ਨਾਖਤ ਕੀਤੀ ਅਤੇ ਉਨ੍ਹਾਂ ਨੂੰ ਗਿਫਤਾਰ ਕੀਤਾ, ਪਰ ਇਸ ਤੋਂ ਅੱਗੇ ਕੁਝ ਨਹੀਂ ਕੀਤਾ ਜਾ ਰਿਹਾ ਅਤੇ ਫਿਰ ਇਸ ਸਾਜ਼ਿਸ਼ ਤਹਿਤ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਦੇ ਕੇ ਜੇਲ੍ਹ 'ਚੋਂ ਬਾਹਰ ਕੱਢਣ ਦੀਆਂ ਸਰਕਾਰ ਸਕੀਮਾਂ ਬਣਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਡੇਰਾ ਮੁਖੀ ਨੂੰ ਪੈਰੋਲ 'ਤੇ ਭੇਜਣ ਤੋਂ ਰੋਕ ਲਾਈ ਜਾਵੇ।












# ਬੱਚਿਆਂ ਦੀ ਸੁਰੱਖਿਆ ਲਈ ਬਣੇ ਕਾਨੂੰਨਾ ਸਬੰਧੀ ਜਾਗਰੂਕਤਾ-ਕਮ-ਟ੍ਰੇਨਿੰਗ ਪ੍ਰੋਗਰਾਮ




ਫਰੀਦਕੋਟ, 25 ਜੂਨ (ਗਿਆਨ ਸਿੰਘ): ਅੱਜ ਜਿਲ੍ਹਾ ਬਾਲ ਸੁਰੱਖਿਆ ਯੂਨਿਟ, ਫਰੀਦਕੋਟ ਅਤੇ ਵਰਲਡ ਵਿਜਨ ਇੰਡੀਆ, ਫਰੀਦਕੋਟ ਐਨ.ਜੀ.ਓ ਦੇ ਸਹਿਯੋਗ ਨਾਲ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ 2015 ਅਤੇ ਪੋਕਸੋ ਐਕਟ 2012 ਸਬੰਧੀ ਇੱਕ ਦਿਨ੍ਹਾ ਟ੍ਰੇਨਿੰਗ-ਕਮ-ਜਾਗਰੂਕਤਾ ਪ੍ਰੋਗਰਾਮ ਜਿਲ੍ਹਾ ਪ੍ਰੀਸ਼ਦ ਦੇ ਸੈਮੀਨਾਰ ਹਾਲ ਵਿੱਚ ਕਰਵਾਇਆ ਗਿਆ।

ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਸਿਖਿਆ ਵਿਭਾਗ, ਹੈਲਥ ਵਿਭਾਗ, ਲੇਬਰ ਵਿਭਾਗ, ਪੁਲਿਸ ਵਿਭਾਗ, ਚਾਈਲਡ ਲਾਈਨ, ਫਰੀਦਕੋਟ ਅਤੇ ਵੱਖ ਵੱਖ ਐਨ.ਜੀ.ਓਜ. ਦੇ ਨੁਮ-ਾਇੰਦਿਆ ਵੱਲੋਂ ਭਾਗ ਲਿਆ ਗਿਆ। ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਰਿਸੋਰਸ ਪਰਸਨ ਵਜੋਂ ਨਵੀ ਦਿੱਲੀ ਤੋਂ ਆਏ ਮੈਡਮ ਕਵਿਤਾ ਮੈਂਗਨਾਨੀ, ਡਾਇਰੈਕਟਰ, ਰੈਸਟੋਰੈਟਿਵ ਕੇਅਰ, ਐਨ.ਜੀ.ਓ. ਹੱਕ:ਸੈਂਟਰ ਫਾਰ ਚਾਈਲਡ ਰਾਈਟਸ ਵੱਲੋਂ ਜੁਵੇਨਾਇਲ ਜਸਟਿਸ ਐਕਟ 2015 ਤੇ ਪੋਕਸੋ ਐਕਟ 2012 ਦੇ ਸਬੰਧ ਵਿੱਚ ਬੜੇ ਵਿਸਥਾਰਪੂਰਵਕ ਢੰਗ ਨਾਲ ਚਾਨਣਾ ਪਾਇਆ ਗਿਆ ਕਿ ਕਿਸ ਤਰ੍ਹਾਂ ਇਨ੍ਹਾਂ ਕਨੂੰਨਾ ਦੀ ਪਾਲਣਾ ਕਰਦੇ ਹੋਏ ਬੱਚਿਆ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਸ ਮੌਕੇ ਅਮਨਦੀਪ ਸਿੰਘ ਸੋਢੀ ਜਿਲ੍ਹਾ ਬਾਲ ਸੁਰੱਖਿਆ ਅਫਸਰ, ਫਰੀਦਕੋਟ ਵੱਲੋਂ ਸ਼ੋਸ਼ਣ ਦਾ ਸ਼ਿਕਾਰ, ਅਣਗੌਲੇ ਅਤੇ ਲੌੜਵੰਦ ਆਦਿ ਬੱਚਿਆਂ ਦੇ ਆਉਣ ਵਾਲੇ ਕੇਸਾਂ ਦੇ ਨਿਪਟਾਰੇ ਸਬੰਧੀ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਇਨ੍ਹਾਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਵਿਚਾਰ ਵਟਾਂਦਰਾ ਕੀਤਾ।

ਇਸ ਦੌਰਾਨ ਸ਼ਿੰਦਰਪਾਲ ਕੌਰ, ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਫਰੀਦਕੋਟ ਵੱਲੋਂ ਟ੍ਰੇਨਿੰਗ-ਕਮ-ਜਾਗਰੂਕਤਾ ਕੈਂਪ ਦੀ ਮਹੱਤਤਾ ਬਾਰੇ ਦੱਸਦੇ ਹੋਏ ਕਿਹਾ ਕਿ ਆਮ ਲੋਕਾਂ ਨੂੰ ਇਨ੍ਹਾਂ ਕਾਨੂੰਨਾ ਬਾਰੇ ਪੂਰੀ ਤਰ੍ਹਾਂ ਨਾਲ ਜਾਗਰੂਕ ਹੋਣਾ ਜਰੂਰੀ ਹੈ ਤਾਂ ਹੀ ਬੱਚਿਆਂ ਦੇ ਭਵਿੱਖ ਨੂੰ ਸੁਨਿਹਰਾ ਬਣਾਇਆ ਜਾ ਸਕਦਾ ਹੈ। ਟ੍ਰੇਨਿੰਗ ਵਿੱਚ ਮੌਜੂਦ ਸਰਬਜੀਤ ਸਿੰਘ ਬਰਾੜ, ਮੈਂਬਰ ਜੁਵੇਨਾਇਲ ਜਸਟਿਸ ਬੋਰਡ ਵੱਲੋਂ ਇਨ੍ਹਾ ਕਾਨੂੰਨਾ ਨੂੰ ਬੱਚਿਆਂ ਉਪਰ ਲਾਗੂ ਕਰਦੇ ਸਮੇਂ ਹੋਣ ਵਾਲੇ ਫਾਇਦਿਆ ਅਤੇ ਨੁਕਸਾਨ ਬਾਰੇ ਬੜੀ ਬਰੀਕੀ ਨਾਲ ਦੱਸਿਆ ਗਿਆ। ਜੌਲੀ ਮੋਂਗਾ ਪ੍ਰੋਟੈਕਸ਼ਨ ਅਫਸਰ, ਐਨ.ਆਈ.ਸੀ., ਫਰੀਦਕੋਟ ਵੱਲੋਂ ਦੱਸਿਆ ਗਿਆ ਕਿ ਇਨ੍ਹਾ ਬੱਚਿਆ ਦੇ ਸੁਰੱਖਿਅਤ ਭਵਿੱਖ ਲਈ ਮਾਪਿਆ ਅਤੇ ਸਮਾਜ ਨੂੰ ਮਨੋਵਿਗਿਆਨਿਕ ਢੰਗ ਨਾਲ ਸਮਝਨ ਦੀ ਲੋੜ ਹੈ। ਸ਼੍ਰੀਮਤੀ ਸੁਨੀਤਾ ਰਾਣੀ ਜਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਟ੍ਰੇਨਿੰਗ-ਕਮ-ਜਾਗਰੁਕਤਾ ਕੈਂਪ ਨੂੰ ਕਰਵਾਉਣ ਲਈ ਸਹਿਯੋਗ ਦੇਣ ਲਈ ਵਰਲਡ ਵਿਜਨ ਇੰਡੀਆ, ਫਰੀਦਕੋਟ ਐਨ.ਜੀ.ਓ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਬਾਲ ਭਲਾਈ ਕਮੇਟੀ, ਜਿਲ੍ਹਾ ਬਾਲ ਸੁਰੱਖਿਆ ਯੂਨਿਟ ਅਤੇ ਸੀ.ਡੀ.ਪੀ.ਓ. ਦਫਤਰ ਦੇ ਸਮੂਹ ਸਟਾਫ ਵੱਲੋਂ ਹਿੱਸਾ ਲਿਆ ਗਿਆ।

# ਤੈਰਾਕੀ ਪੂਲ ਦੀ ਤਾਰੀ ਜਾਨਲੇਵਾ ਸਾਬਤ ਹੋ ਗਈ

ਬਟਾਲਾ, 25 ਜੂਨ (ਪੋਸਟ ਬਿਊਰੋ)- ਸਵੀਮਿੰਗ ਪੂਲ ਦੇ ਡੂੰਘੇ ਪਾਣੀ ਵਿਚ ਛਾਲ ਮਾਰਦੇ ਸਮੇਂ ਇੱਕ ਨੌਜਵਾਨ ਦਾ ਸਿਰ ਜ਼ਮੀਨ 'ਤੇ ਟਕਰਾਉਣ ਨਾਲ ਉਹ ਬੇਸੁਧ ਹੋ ਗਿਆ। ਗੰਭੀਰ ਹਾਲਤ ਵਿੱਚ ਉਸ ਨੂੰ ਸਿਵਲ ਹਸਪਤਾਲ ਬਟਾਲਾ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਦੇ ਪਰਵਾਰਕ ਮੈਂਬਰ ਕੋਈ ਕਾਨੂੰਨੀ ਕਾਰਵਾਈ ਕਰਨ ਤੋਂ ਇਨਕਾਰ ਕਰ ਕੇ ਲਾਸ਼ ਲੈ ਗਏ। ਮਿਲੀ ਜਾਣਕਾਰੀ ਅਨੁਸਾਰ ਬਟਾਲਾ ਦੇ ਲੀਕ ਵਾਲਾ ਤਲਾਬ ਨੇੜੇ ਗੁਰਸ਼ਰਨਜੀਤ ਸਿੰਘ (30) ਵਾਸੀ ਪਰਸ਼ੂਰਾਮ ਚੌਕ ਬਟਾਲਾ ਵਿੱਚ ਆਟੋ ਰਿਪੇਅਰ ਦਾ ਕੰਮ ਕਰਦਾ ਸੀ। ਗਰਮੀ ਹੋਣ ਕਾਰਨ ਕੱਲ੍ਹ ਉਹ ਆਪਣੇ ਦੋਸਤਾਂ ਨਾਲ ਬਟਾਲਾ-ਅੰਮ੍ਰਿਤਸਰ ਰੋਡ ਉੱਤੇ ਇੱਕ ਸਵੀਮਿੰਗ ਪੂਲ ਵਿੱਚ ਨਹਾਉਣ ਗਿਆ। ਉਥੇ ਪੂਲ ਵਿੱਚ ਛਾਲ ਮਾਰਦੇ ਸਾਰ ਉਸ ਦਾ ਸਿਰ ਹੇਠਾਂ ਜ਼ਮੀਨ ਨਾਲ ਟਕਰਾ ਗਿਆ। ਸਿਰ ਵਿੱਚ ਗੰਭੀਰ ਸੱਟ ਨਾਲ ਉਹ ਬੇਸੁੱਧ ਹੋ ਗਿਆ ਤਾਂ ਉਥੇ ਮੌਜੂਦ ਲੋਕਾਂ ਨੇ ਉਸ ਨੂੰ ਪੂਲ ਵਿੱਚੋਂ ਕੱਢਿਆ ਤੇ ਸਿਵਲ ਹਸਪਤਾਲ ਬਟਾਲਾ ਦਾਖਲ ਕਰਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਪਿਤਾ ਦਰਸ਼ਨ ਲਾਲ ਨੇ ਦੱਸਿਆ ਕਿ ਕੱਲ੍ਹ ਛੁੱਟੀ ਕਾਰਨ ਗੁਰਸ਼ਰਨਜੀਤ ਸਿੰਘ ਸਵੀਮਿੰਗ ਪੂਲ ਵਿੱਚ ਨਹਾਉਣ ਗਿਆ ਸੀ ਜਿੱਥੇ ਉਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਪੁਲਸ ਕਾਰਵਾਈ ਨਹੀਂ ਕਰਵਾਉਣਾ ਚਾਹੁੰਦੇ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ

Open Seven Days

- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh

416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਝੂਠੇ ਮੁਕਾਬਲਿਆਂ ਦੇ ਦੋਸ਼ੀਆਂ ਨੂੰ ਛੱਡਣ ਲਈ ਕਾਂਗਰਸ-ਅਕਾਲੀ ਦੋਵੇਂ ਜ਼ਿੰਮੇਵਾਰ : ਖਹਿਰਾ

ਚੰਡੀਗੜ੍ਹ, 25 ਜੂਨ (ਪੋਸਟ ਬਿਊਰੋ)- ਕਈ ਸਾਲ ਪਹਿਲਾਂ ਸਿੱਖ ਨੌਜਵਾਨ ਹਰਪ੍ਰੀਤ ਸਿੰਘ ਦੀ ਝੂਠੇ ਪੁਲਸ ਮੁਕਾਬਲੇ ਵਿੱਚ ਮਾਰ ਦੇਣ ਦੇ ਕੇਸ ਵਿੱਚ ਚਾਰ ਪੁਲਸ ਮੁਲਾਜ਼ਮਾਂ ਨੂੰ ਮੁਆਫੀ ਦੇਣ ਬਾਰੇ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਦਾ ਕਹਿਣਾ ਹੈ ਕਿ ਇਸ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੋਵੇਂ ਬਰਾਬਰ ਦੇ ਜ਼ਿੰਮੇਵਾਰ ਹਨ। ਇਸ ਬਾਰੇ ਸੁਖਬੀਰ ਬਾਦਲ 'ਤੇ ਝੂਠ ਬੋਲਣ ਦਾ ਦੋਸ਼ ਲਾ ਕੇ ਖਹਿਰਾ ਨੇ ਕਿਹਾ ਕਿ ਗਵਰਨਰ ਪੰਜਾਬ ਦੇ ਵਧੀਕ ਮੁੱਖ ਸਕੱਤਰ ਵੱਲੋਂ ਗ੍ਰਹਿ ਵਿਭਾਗ ਨੂੰ ਦੋ ਨੰਬਰ 2016 ਨੂੰ ਭੇਜੇ ਪੱਤਰ ਨਾਲ ਸਜ਼ਾ ਮੁਆਫੀ ਦੀ ਕਾਰਵਾਈ ਸ਼ੁਰੂ ਹੋਈ ਸੀ ਅਤੇ ਗ੍ਰਹਿ ਵਿਭਾਗ ਵੱਲੋਂ ਅੱਠ ਮਾਰਚ 2017 ਨੂੰ ਗਵਰਨਰ ਨੂੰ ਫਾਈਲ ਭੇਜੀ ਗਈ ਸੀ। ਖਹਿਰਾ ਨੇ ਕਿਹਾ ਕਿ ਓਦੋਂ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਉਪ ਮੁੱਖ ਮੰਤਰੀ ਸੀ ਅਤੇ ਗ੍ਰਹਿ ਵਿਭਾਗ ਉਨ੍ਹਾਂ ਦੇ ਅਧੀਨ ਸੀ।

ਇਸ ਸੰਬੰਧ ਵਿੱਚ ਮਿਲ ਸਕੇ ਰਿਕਾਰਡ ਅਨੁਸਾਰ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਏ ਐਸ ਆਈ ਹਰਿੰਦਰ ਸਿੰਘ ਨੇ ਗਵਰਨਰ ਪੰਜਾਬ ਨੂੰ ਸਜ਼ਾ ਮੁਆਫੀ ਦੀ ਅਰਜ਼ੀ ਦਿੱਤੀ ਤਾਂ ਵਧੀਕ ਮੁੱਖ ਸਕੱਤਰ, ਗਵਰਨਰ ਪੰਜਾਬ ਦੇ ਦਫਤਰ ਨੇ 2 ਨਵੰਬਰ 2016 ਨੂੰ ਵਧੀਕ ਮੁੱਖ ਸਕੱਤਰ ਗ੍ਰਹਿ ਵਿਭਾਗ ਤੇ ਨਿਆਂ (ਜੇਲ੍ਹਾਂ) ਨੂੰ ਪੱਤਰ ਭੇਜ ਕੇ ਇਸ ਕੇਸ ਦਾ ਪੂਰਾ ਰਿਕ-ਾਰਡ ਤੇ ਫਾਈਲ ਭੇਜਣ ਨੂੰ ਕਿਹਾ ਸੀ। ਇਸ ਤਰ੍ਹਾਂ ਗ੍ਰਹਿ ਵਿਭਾਗ, ਜੇਲ੍ਹ ਵਿਭਾਗ ਅਤੇ ਗਵਰਨਰ ਪੰਜਾਬ ਦੇ ਦਫਤਰ ਵਿਚਕਾਰ ਚਿੱਠੀ-ਪੱਤਰ ਚੱਲਦਾ ਰਿਹਾ। ਡਾਇਰੈਕਟਰ ਜਨਰਲ ਆਫ ਪੁਲਸ (ਡੀ ਜੀ ਪੀ) ਵੱਲੋਂ ਪੱਤਰ ਨੰਬਰ 26/1 ਲਿਟਿਗੇਸ਼ਨ 4 ਮਿਤੀ 15.2.2017 ਰਾਹੀਂ ਕੈਦੀ ਏ ਐੱਸ ਆਈ ਹਰਿੰਦਰ ਸਿੰਘ ਦੀ ਸਜ਼ਾ ਮੁਆਫੀ ਦੀ ਸਿਫਾਰਸ਼ ਕੀਤੀ ਗਈ ਸੀ। ਓਦੋਂ ਅਕਾਲੀ-ਭਾਜਪਾ ਸਰਕਾਰ ਕਾਇਮ ਸੀ ਤੇ ਨਵੀਂ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਇਸ ਤੋਂ ਇੱਕ ਮਹੀਨਾ ਬਾਅਦ ਬਣੀ ਸੀ। ਵਰਨਣ ਯੋਗ ਹੈ ਕਿ ਸਾਲ 1993 ਵਿੱਚ ਸਹਾਰਨਮਾਜਰਾ (ਲੁਧਿਆਣਾ) ਵਾਸੀ ਹਰਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਦਾ ਯੂ ਪੀ ਪੁਲਸ ਨੇ ਝੂਠੇ ਪੁਲਸ ਮੁਕਾਬਲੇ ਵਿੱਚ ਲੁਧਿਆਣਾ ਵਿਖੇ ਕਤਲ ਕਰ ਦਿੱਤਾ ਸੀ। ਪੀੜਤ ਪਰਵਾਰ ਦੀ ਪਟੀਸ਼ਨ 'ਤੇ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਸੀ।




GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

# ਗੋਰੀ ਦੀਆਂ ਝਾਂਜਰਾਂ ਵਾਲਾ ਨੰਦ ਲਾਲ ਨੂਰਪੁਰੀ

-ਜਿੰਦਰ-

ਮੈਂ ਜਲੰਧਰ 1983 'ਚ ਆਉਣਾ ਸ਼ੁਰੂ ਕੀਤਾ ਸੀ। ਅਸੀਂ 1988 ਵਿੱਚ ਅੱਧੇ ਕੁ ਅਤੇ 1992 'ਚ ਇਥੇ ਪੂਰੇ ਵਸ ਗਏ। ਕਦੇ-ਕਦਾਈਂ ਮੈਥੋਂ ਕੋਈ ਨੰਦ ਲਾਲ ਨੂਰਪੁਰੀ ਬਾਰੇ ਪੁੱਛ ਲੈਂਦਾ। ਖਾਸ ਕਰ ਕੇ ਉਸ ਖੂਹ ਬਾਰੇ ਜਿਸ ਵਿੱਚ ਉਸ ਨੇ ਛਾਲ ਮਾਰ ਕੇ ਖੁਦਕੁਸ਼ੀ ਕੀਤੀ ਸੀ। ਮੈਂ ਇੱਕ ਦੋਂਹ ਕੋਲੋਂ ਪੁੱਛਿਆ ਤਾਂ ਮੈਨੂੰ ਦੱਸਿਆ ਗਿਆ ਕਿ ਸਿੰਘ ਸਭਾ ਗੁਰਦੁਆਰਾ ਨੇੜੇ ਪੈਂਦੇ ਪਾਰਕ 'ਚ ਉਹ ਖੂਹ ਹੈ। ਅੱਜ ਕੱਲ੍ਹ ਪੂਰ ਦਿੱਤਾ ਹੈ। ਮੇਰਾ ਸਹਿਕਰਮੀ ਰਾਮ ਪ੍ਰਕਾਸ਼ ਅਖਬਾਰਾਂ ਦਾ ਕੰਮ ਕਰਦਾ ਸੀ। ਉਸ ਵੀ ਇਸੇ ਥਾਂ ਦਾ ਦੱਸਿਆ ਗਿਆ ਸੀ। ਮੈਂ ਉਸ ਬਾਰੇ ਬਹੁਤਾ ਨਹੀਂ, ਇੰਨਾ ਕੁ ਜਾਣਦਾ ਸੀ ਕਿ ਉਹ ਬਹੁਤ ਹੀ ਮਸ਼ਹੂਰ ਗੀਤ ਲਿਖੇ ਹਨ। ਬਚਪਨ 'ਚ ਮੈਂ ਇਹ ਗੀਤ ਕਈ ਗਾਇਕਾਂ ਦੀ ਆਵਾਜ਼ 'ਚ ਸੁਣੇ ਸਨ। ਲੋਕ ਬੜੀ ਰੀਝ ਨਾਲ ਸੁਣਦੇ ਸਨ। ਕਈ ਗੀਤ ਤਾਂ ਲੋਕ ਗੀਤ ਬਣ ਗਏ ਹਨ।

ਜਦੋਂ ਮੈਥੋਂ ਨੰਦ ਲਾਲ ਨੂਰਪੁਰੀ ਬਾਰੇ ਕੁਝ ਵੀ ਨਾ ਦੱਸ ਹੁੰਦਾ ਤਾਂ ਮੈਨੂੰ ਬੜੀ ਨਮੋਸ਼ੀ ਹੁੰਦੀ। ਕੋਈ ਮਿਹਣਾ ਮਾਰਦਾ, ''ਕਮਾਲ ਦਾ ਬੰਦਾ ਤੂੰ। ਐਡਾ ਵੱਡਾ ਸ਼ਾਇਰ ਉਹਨੂੰ ਸਾਰੀ ਦੁਨੀਆ ਜਾਣਦੀ, ਤੂੰ ਉਸ ਦੇ ਘਰਦਿਆਂ ਬਾਰੇ ਜਾਣਕਾਰੀ ਨ੍ਹੀਂ ਰੱਖਦਾ।'' ਮੈਂ ਭਾਸ਼ਾ ਵਿਭਾਗ ਪੰਜਾਬ ਦੀ 'ਪੰਜਾਬੀ ਲੇਖਕ ਡਾਇਰੈਕਟਰੀ' (2006) ਤੇ ਪੰਜਾਬੀ ਲੇਖਕ ਕੋਸ਼, ਸੰਪਾਦਕ ਪ੍ਰੀਤਮ ਸਿੰਘ (2006) ਦੇ ਪੰਨੇ ਫਰੋਲੇ। ਮੈਨੂੰ ਉਸ ਬਾਰੇ ਕੋਈ ਐਂਟਰੀ ਨਾ ਮਿਲੀ। ਪੰਜਾਬੀ ਦੇ ਲੇਖਕਾਂ ਦੇ ਕੋਸ਼ ਛਪੇ ਤੇ ਨੰਦ ਲਾਲ ਨੂਰਪੁਰੀ ਦਾ ਨਾਂ ਸ਼ਾਮਲ ਨਾ ਕੀਤਾ ਜਾਵੇ। ਮੈਨੂੰ ਇਸ ਗੱਲ ਨੇ ਹੈਰਾਨ ਤੇ ਪ੍ਰੇਸ਼ਾਨ ਕੀਤਾ। ਐਡੇ ਵੱਡੇ ਲੇਖਕ ਨਾਲ ਇਹ ਕਿੱਦਾਂ ਦਾ ਵਿਹਾਰ ਸੀ। ਕੀ ਪ੍ਰੀਤਮ ਸਿੰਘ ਵੀ ਉਸ ਦੀ ਹੋਂਦ ਤੋਂ ਅਣਜਾਣ ਸੀ? ਜਾਂ ਜਾਣਬੁੱਝ ਕੇ ਏਦਾਂ ਕੀਤਾ ਗਿਆ ਹੈ? ਨੰਦ ਲਾਲ ਨੂਰਪੁਰੀ ਦੀ ਪੰਜਾਬੀ ਸਾਹਿਤ 'ਚ ਦੇਣ ਨੂੰ ਕਿੱਦਾਂ ਭੁਲਾਇਆ ਜਾ ਸਕਦਾ।

ਫੇਰ ਇੱਕ ਘਟਨਾ ਵਾਪਰ ਗਈ। ਮੇਰੇ ਦੋਸਤ ਤੋਂ ਵੱਧ ਭਰਾ ਨਰਿੰਦਰ ਪਾਲ ਸਿੰਘ ਕੰਗ ਦੀ ਮਾਤਾ ਦੀ ਮੌਤ ਵੇਲੇ ਮੈਂ ਉਨ੍ਹਾਂ ਦੇ ਘਰ ਸੱਥਰ 'ਤੇ ਬੈਠਣ ਜਾਂਦਾ ਸੀ। ਬਾਪੂ ਜੀ ਕਸ਼ਮੀਰ ਸਿੰਘ ਕੰਗ ਹੋਰਾਂ ਨੇ ਮੈਨੂੰ ਨੰਦ ਲਾਲ ਨੂਰਪੁਰੀ ਦੀਆਂ ਕੁਝ ਗੱਲਾਂ ਦੱਸੀਆਂ। ਮੈਨੂੰ ਲੱਗਿਆ ਕਿ ਕੰਮ ਸੁਖਾਲਾ ਹੋ ਗਿਆ। ਮਾਤਾ ਜੀ ਦੇ ਭੋਗ ਪਿੱਛੋਂ ਮੈਂ ਇੱਕ ਦਿਨ ਬਾਪੂ ਜੀ ਕੋਲ ਜਾ ਬੈਠਾ। ਉਨ੍ਹਾਂ ਦੱਸਿਆ ਕਿ ਨੰਦ ਲਾਲ ਨੂਰਪੁਰੀ 1947 'ਚ ਪਾਕਿਸਤਾਨ ਤੋਂ ਉਜੜ ਕੇ ਆਇਆ ਸੀ। ਉਹ ਬੀ ਬਲਾਕ ਦੇ ਮਕਾਨ ਨੰਬਰ 56 'ਚ ਕਈ ਸਾਲ ਕਿਰਾਏਦਾਰ ਰਿਹਾ। ਫੇਰ ਮਕਾਨ-ਮਾਲਕਾਂ ਨਾਲ ਝਗੜਾ ਹੋ ਗਿਆ। ਕੇਸ ਚੱਲਿਆ। ਉਹ ਹਾਰ ਗਿਆ ਤੇ ਆਪਣੀ ਬੇਟੀ ਕੋਲ ਮਕਾਨ ਨੰਬਰ 16, ਏ ਬਲਾਕ 'ਚ ਚਲਾ ਗਿਆ। ਉਹ ਬਾਪੂ ਜੀ ਕੋਲੋਂ ਕਈ ਵਾਰ ਘਰ ਲਈ ਆਟਾ ਵੀ ਉਧਾਰ ਲੈ ਕੇ ਗਿਆ। ਉਹ ਸ਼ਰਾਬ ਪੀ ਕੇ ਬਹੁਤ ਰੌਲਾ ਪਾਉਂਦਾ ਤੇ ਬਾਪੂ ਜੀ ਨੂੰ ਕਈ ਵਾਰ ਉਹਨੂੰ ਰੋਕਣਾ ਪੈਂਦਾ। ਉਹ ਪੈਸੇ ਸਿਰਫ ਆਪਣੇ ਜਾਣਕਾਰਾਂ ਜਾਂ ਨੇੜੇ ਦੇ ਘੇਰੇ 'ਚੋਂ ਹੀ ਮੰਗਦਾ ਸੀ। ਕਿਸੇ ਅਫਸਰ ਜਾਂ ਮੰਤਰੀ ਅੱਗੇ ਉਸ ਕਦੇ ਹੱਥ ਨਹੀਂ ਅੱਡਿਆ।

ਨੰਦ ਲਾਲ ਨੇ ਆਪਣਾ ਤਖ਼ੱਲਸ ਆਪਣੇ ਜੱਦੀ ਪਿੰਡ ਨੂਰਪੁਰ ਦੇ ਨਾਂਅ 'ਤੇ ਰੱਖਿਆ। ਉਸ ਦਾ ਜਨਮ ਪਾਕਿ-ਸਤਾਨ ਦੇ ਜ਼ਿਲ੍ਹਾ ਲਾਇਲਪੁਰ, ਹੁਣ ਜਿਸ ਦਾ ਨਾਂਅ ਫੈਸਲਾਬਾਦ ਹੈ, 'ਚ ਜੂਨ 1906 ਨੂੰ ਬਿਸ਼ਨ ਸਿੰਘ ਦੇ ਘਰ ਹੋਇਆ। ਖਾਲਸਾ ਹਾਈ ਸਕੂਲ ਲਾਇਲਪੁਰ ਤੋਂ ਮੈਟ੍ਰਿਕ ਕੀਤੀ। ਡਾਕਟਰ ਗੁਰਮੁਖ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਸਕੂਲ ਮਾਸਟਰ ਲੱਗ ਕੇ ਆਪਣੇ ਘਰ ਦਾ ਖਰਚ ਤੋਰਨਾ ਸ਼ੁਰੂ ਕੀਤਾ, ਪਰ ਉਸ ਦਾ ਮਨ ਇਸ ਕਿੱਤੇ 'ਚ ਨਾ ਲੱਗਿਆ। ਛੇਤੀ ਹੀ ਉਸ ਸਕੂਲ ਮਾਸਟਰੀ ਛੱਡ ਦਿੱਤੀ। ਉਹ ਲਗਭਗ ਛੇ ਫੁੱਟ ਲਾਬਾਂ ਤੇ ਤਕੜੇ ਜਿਸਮ ਦਾ ਮਾਲਕ ਸੀ। ਉਸ ਦੀ ਡੀਲ-ਡੌਲ ਨੇ ਪੁਲਸ ਅਫਸਰਾਂ ਨੂੰ ਪ੍ਰਭਾਵਤ ਕੀਤਾ। ਉਸ ਨੂੰ ਏ ਐਸ ਆਈ ਭਰਤੀ ਕਰ ਲਿਆ। ਉਹ ਬੜਾ ਕਾਮਯਾਬ ਥਾਣੇਦਾਰ ਬਣਿਆ। ਚੋਰ ਉਚੱਕੇ ਉਸ ਤੋਂ ਭੈਅ ਖਾਂਦੇ। ਬੀਕਾਨੇਰ ਵਿੱਚ ਉਹ ਛੋਟਾ ਥਾਣੇਦਾਰ ਸੀ। ਉਥੇ ਕਿਸੇ ਮੁਖਬਰ ਨੇ ਦੱਸਿਆ ਕਿ ਕੁਝ ਲੋਕ ਸ਼ਰਾਬ ਦੀ ਭੱਠੀ 'ਤੇ ਛਾਪਾ ਮਾਰਨ ਤੇ ਮੁਲਜ਼ਮਾਂ ਨੂੰ ਫੜਨ ਲਈ ਭੇਜਿਆ। ਵਿਗੜੇ-ਤਿਗੜੇ ਜਿਮੀਂਦਾਰਾਂ ਨੇ ਪੁਲਸ ਪਾਰਟੀ 'ਤੇ ਹਮਲਾ ਕੀਤਾ। ਮੁਕਾਬਲਾ ਸ਼ੁਰੂ ਹੋ ਗਿਆ। ਪੁਲਸ ਦੀਆਂ ਗੋਲੀਆਂ ਨਾਲ ਤਿੰਨ ਜਿਮੀਂਦਾਰ ਮਾਰੇ ਗਏ। ਬਾਕੀ ਦਿਆਂ ਨੂੰ ਪੁਲਸ ਨੇ ਫੜ ਲਿਆ। ਇਸ ਬਹਾਦਰੀ ਭਰੇ ਕਾਰਨਾਮੇ ਦੀ ਅੰਗਰੇਜ਼ ਅਫਸਰਾਂ ਨੇ ਬੜੀ ਸਿਫਤ ਕੀਤੀ। ਉਸ ਨੂੰ ਇਸ ਬਹਾਦਰੀ ਲਈ ਤਗਮੇ ਨਾਲ ਸਨਮਾਨਿਆ ਗਿਆ। ਇਥੋਂ ਹੀ ਉਸ ਦਾ ਕਵੀ ਮਨ ਉਦਾਸ ਹੋ ਗਿਆ। ਆਪਣੇ ਭਰਾਵਾਂ ਨੂੰ ਮਾਰ ਕੇ ਇਨਾਮ ਲੈਣਾ ਉਸ ਲਈ ਦੁਖਦਾਈ ਘਟਨਾ ਸੀ। ਉਸ ਨੇ ਪੁਲਸ ਦੀ ਨੌਕਰੀ ਨੂੰ ਲੱਤ ਮਾਰ ਦਿੱਤੀ ਤੇ ਘਰ ਆ ਗਿਆ।

ਦੀਵਾਨ ਚੰਦ ਉਰਫ ਸੰਤ ਜੀ (ਉਮਰ 80 ਸਾਲ) ਨੇ ਮੈਨੂੰ ਉਸ ਤੋਂ ਉਲਟ ਕਹਾਣੀ ਦੱਸੀ। ਜਦੋਂ ਨੰਦ ਲਾਲ ਨੂਰਪੁਰੀ ਥਾਣੇਦਾਰ ਲੱਗਾ ਸੀ ਤਾਂ ਉਸ ਕੋਲ ਇੱਕ ਕੇਸ ਆਇਆ। ਇੱਕ ਬੜੀ ਸੋਹਣੀ ਕੁੜੀ ਦੋ-ਤਿੰਨ ਵਾਰ ਥਾਣੇ ਆਈ। ਨੂਰਪੁਰੀ ਨੂੰ ਉਸ ਨਾਲ ਮੁਹੱਬਤ ਹੋ ਗਈ। ਉਹ ਇੱਕ ਦੂਜੇ ਨੂੰ ਖ਼ਤ ਲਿਖਣ ਲੱਗੇ। ਪਹਿਲਾਂ ਉਹ ਕਿਸੇ ਹੋਰ ਦੇ ਸ਼ੇਅਰ ਲਿਖ ਕੇ ਭੇਜਦਾ ਰਿਹਾ। ਫੇਰ ਉਹ ਆਪਣੇ ਕੋਲੋਂ ਤੁਕਬੰਦੀ ਕਰ ਕੇ ਲਿਖਣ ਲੱਗਾ। ਇਹ ਸਿਲਸਿਲਾ ਕਾਫੀ ਚਿਰ ਚੱਲਿਆ। ਉਸ ਦਾ ਪਹਿਲਾਂ ਸੁਮਿੱਤਰਾ ਦੇਵੀ ਨਾਲ ਵਿਆਹ ਹੋਇਆ ਸੀ। ਕੁੜੀ ਕਿਤੇ ਹੋਰ ਵਿਆਹੀ ਗਈ। ਉਸ ਗ਼ਮ ਦਾ ਫੱਟ ਦੇ ਗਈ।

ਮੁਹੱਬਤ ਦੇ ਅੱਲੇ ਜ਼ਖਮ ਤੰਗ ਕਰਨ ਲੱਗੇ। ਉਹ ਸ਼ੇਅਰੋ-ਸ਼ਾਇਰੀ ਕਰਨ ਲੱਗਾ। ਜਲਸਿਆਂ-ਗੁਰਪੁਰਬਾਂ, ਰਾਜਸੀ ਰੈਲੀਆਂ 'ਚ ਗੀਤ ਗਾਉਣ ਲੱਗਾ। ਫੇਰ ਤਾਂ ਚੱਲ ਸੋ ਚੱਲ ਰਹੀ। ਉਹ ਆਪਣੇ ਕਿਰਾਏ ਦੇ ਮਕਾਨ ਬੀ ਬਲਾਕ 56 ਤੋਂ ਸੌ ਕੁ ਫੁੱਟ ਦੂਰ, ਸੜਕ 'ਤੇ ਜਿੱਥੇ ਅੱਜਕੱਲ੍ਹ ਪੁਰਾਣੀ ਪਕੌੜਿਆਂ ਦੀ ਦੁਕਾਨ ਹੈ, ਰੁੱਖ ਹੇਠ ਮੰਜੀ ਡਾਹ ਕੇ ਬੈਠਾ ਰਹਿੰਦਾ। ਆਉਂਦੇ ਜਾਂਦੇ ਲੋਕਾਂ ਨੂੰ ਦੇਖਦਾ ਤੇ ਗੀਤ, ਕਵਿਤਾਵਾਂ ਲਿਖਦਾ। ਬੜਾ ਦਬੰਗ ਬੰਦਾ ਸੀ। ਕਿਸੇ ਦੀ ਪ੍ਰਵਾਹ ਨਾ ਕਰਦਾ। ਜਦੋਂ ਤੁਰਦਾ ਤਾਂ ਉਸ ਦੀ ਤੌਰ 'ਚ ਸ਼ਾਹੀ ਅੰਦਾਜ਼ ਹੁੰਦਾ। ਐਦਾਂ ਜਿੱਦਾਂ 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ।' ਪੜ੍ਹਦਾ ਬਹੁਤ, ਲਿਖਦਾ ਘੱਟ ਸੀ। ਉਹ ਨਾ ਥੱਕਦਾ, ਨਾ ਅੱਕਦਾ। ਕਿਹੜਾ ਕੋਈ ਕੰਮ ਕਰਨਾ ਸੀ। ਘਰ ਨੂੰ ਘਰਵਾਲੀ ਚਲਾਉਂਦੀ ਸੀ। ਉਹ ਆਪਣੀ ਹੀ ਦੁਨੀਆ 'ਚ ਵਿਚਰਦਾ ਸੀ। ਆਪਣੇ ਆਪ ਨਾਲ ਗੱਲਾਂ ਕਰਦਾ। ਫੇਰ ਵਿਅਕਤੀਗਤ ਤੋਂ ਸਮੂਹਿਕ ਬਣ ਜਾਂਦਾ। ਸਟੇਜ 'ਤੇ ਛਾ ਜਾਂਦਾ। ਉਹਨੂੰ ਲੱਗਦਾ ਕਿ ਉਸ ਦੀ ਸਾਧਨਾ ਦਾ ਮੁੱਲ ਪੈ ਗਿਆ ਹੈ। ਕੁਝ ਪਲਾਂ ਬਾਅਦ ਉਸ ਦੀ ਭਟਕਣ ਜਾਗ ਪੈਂਦੀ। ਉਹ ਅਦਿੱਖ ਰਸਤਿਆਂ 'ਤੇ ਤੁਰ ਪੈਂਦਾ। ਉਹੀ ਰੁੱਖ, ਉਹੀ ਮੰਜੀ। ਉਹ ਇਕੱਲਤਾ। ਉਹੀ ਗੜਕਾ? ਕਿਸੇ ਨਵੇਂ ਗੀਤ ਦਾ ਰਚਨਹਾਰਾ।

ਨੂਰਪੁਰੀ ਦੀਆਂ ਛੇ ਧੀਆਂ ਅਤੇ ਦੋ ਮੁੰਡੇ ਸਨ। ਵੱਡਾ ਪਰਵਾਰ ਅਕਸਰ ਤੰਗੀਆਂ ਕੱਟਦਾ। ਜੇ ਕਿਸੇ ਪ੍ਰੋਗਰਾਮ ਤੋਂ ਵਾਹਵਾ ਪੈਸੇ ਬਣ ਜਾਂਦੇ ਤਾਂ ਦਿਨ ਤੀਆਂ ਵਰਗੇ ਲੰਘਦੇ। ਅੱਗੋਂ-ਪਿੱਛੋਂ ਫਾਕੇ ਕੱਟਣ ਵਾਲੇ ਦਿਨ ਹੁੰਦੇ। ਉਨ੍ਹੀਂ ਦਿਨੀਂ ਉਸ ਦੇ ਗੀਤਾਂ ਦੀ ਤੂਤੀ ਬੋਲਦੀ ਸੀ। ਉਸ ਹਰ ਵਿਸ਼ੇ 'ਤੇ ਲਿਖਿਆ। 1962 ਦੀ ਚੀਨ ਦੀ ਲੜਾਈ ਮਗਰੋਂ ਉਸ ਕਈ ਗੀਤ ਲਿਖੇ। ਜਿਵੇਂ :

ਓ ਦੁਨੀਆ ਦੇ ਬੰਦਿਓ ਪੂਜੋ
ਉਨ੍ਹਾਂ ਨੇਕ ਇਨਸਾਨਾਂ ਨੂੰ
ਦੇਸ਼ ਦੀ ਖਾਤਰ ਵਾਰ ਗਏ ਜੋ,
ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

ਨੰਦ ਲਾਲ ਨੂਰਪੁਰੀ ਦੇ ਸਮੇਂ 'ਚ ਸਟੇਜੀ ਕਵੀਆਂ ਦੀ ਤੂਤੀ ਬੋਲਦੀ ਸੀ। ਈਸ਼ਰ ਸਿੰਘ ਭਾਈਆ, ਕਰਤਾਰ ਸਿੰਘ ਬਲੱਗਣ, ਫੀਰੋਜ਼ਦੀਨ ਸ਼ਰਫ, ਵਿਧਾਤਾ ਸਿੰਘ ਤੀਰ, ਗੁਰਦੇਵ ਸਿੰਘ ਮਾਨ, ਗੁਰਦਿੱਤ ਸਿੰਘ ਕੁੰਦਨ ਕਵੀ ਦਰਬਾਰਾਂ ਦੀ ਸ਼ਾਨ ਸਨ। ਨੰਦ ਲਾਲ ਨੂਰਪੁਰੀ ਤਾਂ ਸਟੇਜ 'ਤੇ ਛਾ ਜਾਂਦਾ ਸੀ। ਛੇ ਫੁੱਟ ਲੰਬਾ ਸਰੀਰ, ਗੋਰਾ ਰੰਗ, ਭਰਵਾਂ ਮੂੰਹ ਤੇ ਸਿਰ 'ਤੇ ਲੜ ਛੱਡ ਕੇ ਬੰਨ੍ਹੀ ਪੱਗੀ। ਜਦੋਂ ਬੋਲ ਚੁੱਕਦਾ ਤਾਂ ਲੋਕ ਉਸ ਦੇ ਮੂੰਹ ਵੱਲ ਦੇਖਦੇ। ਚੁੱਪਚਾਪ ਨੋਟ ਵਾਰੇ ਜਾਂਦੇ ਤੇ ਆਵਾਜ਼ਾਂ ਆਉਂਦੀਆਂ, ''ਬੱਸ, ਇੱਕ ਹੋਰ ਗੀਤ ਸੁਣਾਓ।'' ਉਨਾ ਚਿਰ ਰੌਲਾ ਪੈਂਦਾ ਰਹਿੰਦਾ ਜਿੰਨਾ ਚਿਰ ਉਹ ਉਠ ਕੇ ਖੜ੍ਹਾ ਨਾ ਹੋ ਜਾਂਦਾ। ਉਸ ਦੀ ਸਟੇਜ ਨੋਟਾਂ ਨਾਲ ਭਰ ਜਾਂਦੀ। ਉਸ ਨੇ ਪੰਜਾਬੀ ਬੋਲੀ ਨੂੰ ਨੂਰ ਪਰੀਆਂ ਵੰਗਾਂ, ਜੀਊਂਦਾ ਪੰਜਾਬ, ਨੂਰਪੁਰੀ ਦੇ ਗੀਤ, ਸੁਗਾਤ, ਆਖਰੀ ਸੁਗਾਤ, ਚੰਗਿਆੜੇ ਤੇ ਪੰਜਾਬੀ ਬੋਲਿਆ ਆਦਿ ਕਾਵਿ-ਸੰਗ੍ਰਹਿ ਦਿੱਤੇ। ਉਹ ਲੋਕਾਂ ਦਾ ਸ਼ਾਇਰ ਹੈ, ਇਸੇ ਲਈ ਉਸ ਦੇ ਅਨੇਕਾਂ ਗੀਤ ਲੋਕ ਗੀਤ ਬਣ ਗਏ। ਕਈ ਗੀਤਾਂ ਦੀਆਂ ਸਤਰਾਂ ਲੋਕਾਂ ਨੂੰ ਅਜੇ ਵੀ ਯਾਦ ਹਨ, ਪਰ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਇਹ ਗੀਤ ਕਿਸ ਨੇ ਲਿਖਿਆ ਹੈ।

ਸਾਡੇ ਮੁਹੱਲੇ 'ਚ ਰਹਿੰਦੇ ਬਜ਼ੁਰਗ ਰਾਮ ਚੰਦ ਤਨੇਜਾ ਨੇ ਦੱਸਿਆ, 'ਜੋਤੀ ਚੌਕ ਕੋਲ, ਜਿੱਥੇ ਅੱਜਕੱਲ੍ਹ ਫਰੂਟਾਂ ਦੀਆਂ ਰੇੜ੍ਹੀਆਂ ਖੜ੍ਹੀਆਂ ਹੁੰਦੀਆਂ ਤੇ ਸਬਜ਼ੀ ਮੰਡੀ ਲੱਗਦੀ ਆ, ਇਥੇ 1934 'ਚ ਤਹਿਸੀਲ ਦਫਤਰ ਬਣਿਆ ਸੀ। ਇਥੇ ਮੁਸ਼ਾਇਰੇ ਹੁੰਦੇ। ਨੂਰਪੁਰੀ ਆਪਣੀਆਂ ਕਵਿਤਾ ਸੁਣਾਉਂਦਾ। ਵਾਹਵਾ ਤਾੜੀਆਂ ਵੱਜਦੀਆਂ। ਕਈ ਵਾਰ ਉਹਨੂੰ ਕਈ ਆਪਣੇ ਘਰੇ ਵੀ ਲੈ ਜਾਂਦੇ ਕਵਿਤਾਵਾਂ ਸੁਣਾਉਣ ਲਈ, ਆਹ ਜਿੱਥੇ ਅੱਜਕੱਲ੍ਹ ਦੁਸਹਿਰਾ ਗਰਾਊਂਡ ਬਣੀ ਆ ਨਾ ਇਥੇ ਪਹਿਲਾਂ ਚਾਰਦੀਵਾਰੀ ਨ੍ਹੀਂ ਹੁੰਦੀ ਸੀ। ਮੈਦਾਨ ਹੁੰਦਾ ਸੀ। ਇਥੇ ਨੂਰਪੁਰੀ ਹਰ ਸਾਲ ਮੁਸ਼ਾਇਰਾ ਕਰਾਉਂਦਾ। ਮੈਂ ਆਪ ਸੁਣਨ ਜਾਂਦਾ, ਸ਼ਰਾਬ ਬਹੁਤ ਪੀਂਦਾ, ਕਿਸੇ ਪਾਰਟੀ ਨਾਲ ਨ੍ਹੀਂ, ਕਲਮ ਕੱਲਾ, ਜਿੱਦਾਂ ਅੱਜਕੱਲ੍ਹ ਸਰਕਾਰੀ ਦਫਤਰਾਂ 'ਚ ਬਿਨਾਂ ਰਿਸ਼ਵਤ ਦਿੱਤਿਆਂ ਕੋਈ ਬਾਬੂ ਅੱਖ ਨ੍ਹੀਂ ਮਿਲਾਉਂਦਾ ਓਦਾਂ ਹੀ ਨੂਰਪੁਰੀ ਬਿਨਾਂ ਪੀਤਿਆਂ ਕਿਸੇ ਪ੍ਰੋਗਰਾਮ 'ਚ ਨ੍ਹੀਂ ਜਾਂਦਾ ਸੀ। ਉਹ ਖ਼ੁੱਦਾਰ ਸ਼ਖਸ ਸੀ। ਐਵੇਂ ਪੈਸਿਆਂ ਲਈ ਮਰੂੰ-ਮਰੂੰ ਨ੍ਹੀਂ ਕਰਦਾ ਸੀ। ਉਦੋਂ ਆਰੀਆ ਸਮਾਜ ਮੰਦਰ ਦੇ ਪਿਛਵਾੜੇ ਕੁੜੀਆਂ ਦਾ ਨਵਾਂ ਨਵਾਂ ਸਕੂਲ ਖੁੱਲ੍ਹਿਆ ਸੀ। ਉਹ ਅਕਸਰ ਉਥੇ ਜਾ ਬੈਠਦਾ। ਬੱਚਿਆਂ ਨੂੰ ਬਹੁਤ ਪਿਆਰ ਕਰਦਾ, ਉਹਨੇ ਕੁੜਤਾ ਪਾਇਆ ਹੁੰਦਾ, ਤੇੜ ਪਜਾਮਾ ਜਾਂ ਧੋਤੀ ਲਾਈ ਹੁੰਦੀ, ਉਸ ਦੇ ਪੱਗ ਦਾ ਸਟਾਈਲ ਸੁਆਮੀ ਦਇਆਨੰਦ ਵਰਗਾ ਸੀ, ਉਹ ਐਨਾ ਵੀ ਸ਼ਰਾਬੀ ਨਾ ਹੁੰਦਾ ਕਿ ਕਿਸੇ ਨਾਲੀ ਜਾਂ ਸੜਕ 'ਤੇ ਡਿੱਗਾ ਪਿਆ ਮਿਲਦਾ। ਉਹ ਤਾਂ ਕਿਸੇ ਨਾਢੂ ਖਾਂ ਦੀ ਪ੍ਰਵਾਹ ਨ੍ਹੀਂ ਕਰਦਾ ਸੀ, ਇਹੀ ਉਸ ਦਾ ਸੁਭਾਅ ਸੀ, ਬੜਾ ਗੜਕਾ ਸੀ ਉਸ ਦੀ ਆਵਾਜ਼ 'ਚ।''

ਜਲੰਧਰ 'ਚ ਉਸ ਦਾ ਨੇੜੂ ਦੋਸਤ ਦੀਪਕ ਪਬਲਿਸ਼ਰਜ਼ ਵਾਲਾ ਚਰਨਜੀਤ ਪੁੰਜ ਉਸ ਬਾਰੇ ਲਿਖਦਾ ਹੈ ਕਿ ਮਨੁੱਖੀ ਜੀਵਨ ਦੇ ਮਨੋਰਥ ਨੂੰ ਨੂਰਪੁਰੀ ਨੇ ਕਦੇ ਆਪਣੀ ਜ਼ਿੰਦਗੀ ਦਾ ਉਦੇਸ਼ ਨਹੀਂ ਬਣਾਇਆ। ਉਹ ਤਾਂ ਵਾਵਰੋਲੇ ਵਾਂਗ ਉਡਦਾ ਨੀਲੇ ਆਕਾਸ਼ਾਂ 'ਚੋਂ ਇਸ ਧਰਤੀ 'ਤੇ ਇੱਕ ਕਵੀ ਦੇ ਰੂਪ 'ਚ ਆਇਆ। ਆਪਣਾ ਆਪ ਦਿਖਾਇਆ। ਫੇਰ ਲੰਬੇ ਪੈਂਡੇ 'ਚੇ ਚਲਾ ਗਿਆ। ਉਹ ਦੁਨੀਆ ਵਿੱਚ ਰਹਿ ਕੇ ਵੀ ਦੁਨੀਆਦਾਰ ਨਹੀਂ ਸੀ ਬਣ ਸਕਦਾ ਕਿਉਂ ਜੁ ਉਹ ਤਾਂ ਇੱਕ ਕਵੀ ਸੀ, ਮਹਾਨ ਕਵੀ। ਉਸ ਦੇ ਸੁਭਾਅ 'ਚ ਮਲੰਗੀ ਸੀ। ਨੂਰਪੁਰੀ ਨੂੰ ਲੋਕ ਸੰਪਰਕ ਵਿਭਾਗ ਤੇ ਰੇਡੀਓ ਸਟੇਸ਼ਨ ਵਾਲਿਆਂ ਰੈਗੂਲਰ ਪ੍ਰੋਗਰਾਮ ਦਿੱਤੇ। ਇੱਕ ਵਾਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਉਸ ਨੂੰ ਸੇਲ ਡਿਪੂ ਦਾ ਇੰਚਾਰਜ ਲਾਇਆ। ਉਹ ਸਾਰਾ ਦਿਨ ਇਸ ਅਦਾਰੇ ਦੀਆਂ ਕਿਤਾਬਾਂ ਵੇਚਦਾ। ਸ਼ਾਮ ਨੂੰ ਇਨ੍ਹਾਂ ਪੈਸਿਆਂ ਨਾਲ ਦਾਰੂ ਪੀ ਛੱਡਦਾ। ਜਦੋਂ ਮਹੀਨੇ ਬਾਅਦ ਵਿਕਰੀ ਦਾ ਹਿਸਾਬ-ਕਿਤਾਬ ਕੀਤਾ ਜਾਂਦਾ ਤਾਂ ਉਸ ਦੀ ਤਨਖਾਹ ਨਾਲੋਂ ਜ਼ਿਆਦਾ ਉਸ ਪਹਿਲਾਂ ਹੀ ਖਰਚੇ ਹੁੰਦੇ। ਸਰਕਾਰੀ ਦਫਤਰਾਂ ਦੇ ਆਪਣੇ ਕਾਇਦੇ ਕਾਨੂੰਨ ਹਨ। ਕਈ ਵਾਰ ਨਾਲ ਦਿਆਂ ਨੇ ਸਮਝਾਇਆ, ਪਰ ਉਸ ਨੇ ਇੱਕ ਕੰਨੋਂ ਸੁਣਿਆ ਤੇ ਦੂਜੇ ਕੰਨੋਂ ਕੱਢ ਸੁੱਟਿਆ ਵਾਲੀ ਨੀਤੀ ਨਾ ਛੱਡੀ। ਆਖਰ ਨੌਕਰੀਓਂ ਕੱਢ ਦਿੱਤਾ ਗਿਆ। ਕੁਝ ਚਿਰ ਫਿਲਮਾਂ ਵਾਲਿਆਂ ਨੇ ਉਸ ਕੋਲੋਂ ਗੀਤ ਲਿਖਵਾਏ। ਮੰਗਤੀ, ਵਲਾਇਤ ਪਾਸ, ਖੇਡਣ ਦੇ ਦਿਨ ਚਾਰ ਆਦਿ ਫਿਲਮਾਂ ਦੇ ਗੀਤ ਚਰਚਿਤ ਹੋਏ। ਜਗਤ ਸਿੰਘ ਜੱਗੇ ਨਾਲ ਉਸ ਦੀ ਵਾਹਵਾ ਬਣਦੀ ਸੀ। ਜੱਗੇ ਨੇ ਉਸ ਦੇ ਲਿਖੇ ਗੀਤ ਗਾਏ। ਖੂਬ ਪੈਸੇ ਕਮਾਏ। ਮੁਹੰਮਦ ਰਫੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਆਸਾ ਸਿੰਘ ਮਸਤਾਨਾ, ਪ੍ਰਕਾਸ਼ ਕੌਰ, ਹਰਚਰਨ ਗਰੇਵਾਲ ਨੇ ਵੀ ਉਸ ਦੇ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ। ਘਰ ਦੀਆਂ ਤੰਗੀਆਂ ਤੁਰਸ਼ੀਆਂ, ਵਧਦੀ ਉਮਰ ਤੇ ਨਿਰਾਸ਼ਾ 'ਚ ਗੋਡੇ ਗੋਡੇ ਖੁੱਭੇ ਨੇ 13 ਮਈ 1966 ਨੂੰ ਖੂਹ ਵਿੱਚ ਛਾਲ ਮਾਰ ਦਿੱਤੀ। ਉਸ ਦੇ ਘਰ ਨੇੜੇ ਰਹਿੰਦੇ ਇੰਦਰਜੀਤ ਸਿੰਘ ਬਾਸੀ ਨੇ ਮੈਨੂੰ ਦੱਸਿਆ, ''ਉਸ ਦਿਨ ਬੜੀ ਗਰਮੀ ਸੀ। ਅਸੀਂ ਇਥੇ ਮੰਜੇ ਡਾਹੇ ਹੋਏ ਸੀ। ਉਦੋਂ ਲੋਕ ਬਾਹਰ ਹੀ ਪੈਂਦੇ ਸਨ। ਮੇਰੀ ਉਮਰ ਉਦੋਂ ਸੋਲ੍ਹਾਂ ਕੁ ਸਾਲਾਂ ਦੀ ਸੀ। ਸਾਨੂੰ ਉਦੋਂ ਪਤਾ ਲੱਗਾ ਜਦੋਂ ਧੜਮ ਦੀ ਆਵਾਜ਼ ਆਈ, ਉਸ ਦੇ ਗਲੇ ਵਿੱਚ ਬੜਾ ਰਸ਼ ਸੀ। ਸਿੰਘ ਸਭਾ ਗੁਰਦੁਆਰੇ, ਆਹ ਆਪਣੇ ਹੀ ਗੁਰਦੁਆਰੇ 'ਚ ਉਹ ਗੁਰਪੁਰਬ ਵਾਲੇ ਦਿਨ ਆਪਣੇ ਗੀਤ ਸੁਣਾਉਂਦਾ ਹੁੰਦਾ ਸੀ। ਲੋਕ ਸੁਣਦੇ ਸੀ। ਚੁੱ-ਪਚਾਪ। ਕਈ ਵਾਰ ਤਾਂ ਜਨਾਨੀਆਂ ਰੋ ਪੈਂਦੀਆਂ ਸਨ।

ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ
ਵੇਹੜੇ ਦੀਆਂ ਰੌਣਕਾਂ ਤੇ ਮਹੱਲਾਂ ਦੀ ਬਹਾਰ ਨੂੰ
ਜਿਨ੍ਹਾਂ ਦੀਆਂ ਚਾਈ ਚਾਈਂ ਘੋੜੀਆਂ ਸੀ ਗਾਉਣੀਆਂ
ਸਿਹਰਿਆਂ ਦੇ ਨਾਲ ਜੋ ਸੀ ਸੋਹਣੀਆਂ ਸਜਾਉਣੀਆਂ।
ਸਿਹਰਿਆਂ ਦੇ ਵਿੱਚ ਹੈ ਸੀ ਗੁੰਦਣਾ ਪਿਆਰ ਨੂੰ
ਕਿੱਥੇ ਮਾਤਾ ਤੋਰਿਆ...

ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ।


ਉਸ ਦੀ ਮੌਤ ਮਗਰੋਂ ਮੰਤਰੀ ਕੇਵਲ ਕ੍ਰਿਸ਼ਨ ਉਨ੍ਹਾਂ ਦੇ ਘਰੇ ਆਇਆ। ਮੰਤਰੀ ਨੇ ਘਰ ਅਲਾਟ ਕਰਵਾਇਆ। ਵੱਡੇ ਮੁੰਡੇ ਨੂੰ ਰੋਡਵੇਜ਼ 'ਚ ਮਕੈਨਿਕ ਦੀ ਨੌਕਰੀ ਦਿੱਤੀ।'' ਖੂਹ ਦੇ ਕੋਲ ਰਹਿੰਦੀ ਰਿਟਾਇਰਡ ਅਧਿਆਪਕਾ ਗੁਰਬਚਨ ਕੌਰ ਨੇ ਦੱਸਿਆ, ''ਕੋਈ ਸਾਢੇ ਦਸ ਗਿਆਰ੍ਹਾਂ ਵਜੇ ਦਾ ਟਾਈਮ ਹੋਣਾ। ਮੈਂ ਬੈਠੀ ਪੜ੍ਹਦੀ ਸੀ, ਜਦੋਂ ਮੈਨੂੰ ਆਵਾਜ਼ ਸੁਣੀ। ਐਦਾਂ ਲੱਗਾਂ ਜਿੱਦਾਂ ਕਿਸੇ ਨੇ ਖੂਹ 'ਚ ਕੋਈ ਪੱਥਰ ਸੁੱਟਿਆ ਹੋਵੇ। ਜਦੋਂ ਰੌਲਾ ਪਿਆ ਤਾਂ ਪਤਾ ਲੱਗਾ। ਸਵੇਰੇ ਸਕੂਲ ਜਾਂਦਿਆਂ ਮੈਂ ਪਾਣੀ 'ਚ ਪੁੱਠੀ ਪਈ ਲਾਸ਼ ਦੇਖੀ। ਨੂਰਪੁਰੀ ਜੀ ਨੇ ਚਿੱਟੀ ਕਮੀਜ਼ ਪਾਈ ਹੋਈ ਸੀ, ਉਨ੍ਹਾਂ ਦਾ ਬੜਾ ਰੋਹਬ ਸੀ। ਹੱਥ 'ਚ ਫੜੀ ਖੂੰਡੀ ਦੀ ਠੱਕ-ਠੱਕ ਨਾਲ ਜਦੋਂ ਉਹ ਖੰਗੂਰਾ ਮਾਰਦੇ ਤਾਂ ਕੋਈ ਕੁਸਕਦਾ ਨ੍ਹੀ ਸੀ। ਬੜੇ ਦਰਸ਼ਨੀ ਬਜ਼ੁਰਗ ਰਹੇ। ਮੈਂ ਆਪ ਦੇਖਿਆ ਖੂਹ ਕੋਲ ਉਨ੍ਹਾਂ ਦੀ ਜੁੱਤੀ ਤੇ ਖੂੰਡਾ ਪਿਆ ਸੀ। ਉਦੋਂ ਖੂਹ ਨੇੜੇ ਵੱਡੀ ਟਾਹਲੀ ਹੁੰਦੀ ਸੀ। ਮੈਨੂੰ ਉਨ੍ਹਾਂ ਦੇ ਗੀਤ ਦੇ ਬੋਲ ਅਜੇ ਵੀ ਯਾਦ ਆ...।

ਜਾਦੂਗਰ ਨੇ ਖੇਲ੍ਹ ਰਚਾਇਆ,
ਮਿੱਟੀ ਦਾ ਇੱਕ ਬੁੱਤ ਬਣਾਇਆ।
ਫੁੱਲਾਂ ਵਾਂਗ ਹਸਾ ਕੇ ਉਸ ਨੂੰ
ਦੁਨੀਆ ਦੇ ਵਿੱਚ ਨਾਚ ਨਚਾਇਆ।

.....ਉਨ੍ਹਾਂ ਦਾ ਇੱਕ ਹੋਰ ਗੀਤ ਬੜਾ ਮਸ਼ਹੂਰ ਸੀ:

ਵਸਦੇ ਆਨੰਦਪੁਰ ਨੂੰ
ਛੱਡ ਚੱਲਿਆ ਕਲਗੀਆਂ ਵਾਲਾ
ਹਿੰਦ ਉਤੋਂ ਹੀਰੇ ਵਾਰ ਕੇ
ਉਹ ਜੇ ਜਾਂਦਾ ਹਿੰਦ ਦਾ ਰਖਵਾਲਾ।

ਗੱਲਾਂ ਕਰਦਿਆਂ ਉਸ ਦਾ ਗਲਾ ਭਰ ਆਇਆ। ਉਸ ਬਟ ਦੱਸਿਆ ਨੂਰਪੁਰੀ ਦੇ ਦੋਵੇ ਵੱਡੇ ਮੁੰਡੇ ਇਥੇ ਨੇੜੇ ਰਹਿੰਦੇ ਹਨ। ਨੂਰਪੁਰੀ ਦੀ ਮੌਤ ਤੋਂ ਬਾਅਦ ਜਗਤ ਸਿੰਘ ਜੱਗੇ ਨੇ ਬਥੇਰੀਆਂ ਕੋਸ਼ਿਸ਼ਾਂ ਕੀਤੀਆਂ ਕਿ ਨਰੂਪੂਰੀ ਦੀ ਕੋਈ ਯਾਦਗਾਰ ਬਣਾਈ ਜਾਵੇ, ਪਰ ਨਾ ਸਰਕਾਰ ਤੇ ਨਾ ਕਿਸੇ ਸੰਸਥਾ ਨੇ ਉਸ ਦਾ ਹੱਥ ਫੜਿਆ। 2006 'ਚ ਚੌਧਰੀ ਜਗਜੀਤ ਸਿੰਘ ਨੇ ਖੂਹ ਵਾਲ ਥਾਂ (ਅੱਜ ਕੱਲ੍ਹ ਖੂਹ ਪੂਰਿਆ ਹੋਇਆ ਹੈ) ਇੱਕ ਯਾਦਗਾਰ ਦਾ ਉਦਘਾਟਨ ਕੀਤਾ।



ਕਿੰਨੇ ਸਾਲ ਮੈਨੂੰ ਉਸ ਖੂਹ ਵਾਲੀ ਥਾਂ ਨਹੀਂ ਲੱਭੀ ਸੀ। ਜਦੋਂ ਲੱਭੀ ਤਾਂ ਮੈਂ ਆਪਣੇ ਆਪ ਨੂੰ ਬਹੁਤ ਵਾਰ ਕੋਸਿਆ। ਕਸਤੂਰੀ ਹਲਵਾਈ ਦੀ ਦੁਕਾਨ ਕੋਲ ਸਾਲਾਨਾ ਜਗਰਾਤਾ ਹੁੰਦਾ ਜਾਂ ਕੋਈ ਵੱਡਾ ਪ੍ਰੋਗਰਾਮ ਤਾਂ ਮੇਨ ਸੜਕ ਬੰਦ ਕਰ ਦਿੱਤੀ ਜਾਂਦੀ। ਪਿਛਾਂਹ ਵਲ ਪਾ ਕੇ ਘਈ ਬੇਕਰੀ ਕੋਲ ਦੀ ਮੇਨ ਸੜਕ 'ਤੇ ਜਾਇਆ ਜਾਂਦਾ। ਪਤਾ ਨਹੀਂ ਮੈਂ ਕਿੰਨੀ ਵਾਰ ਉਧਰ ਦੀ ਲੰਘਿਆ ਸੀ। ਮੇਰਾ ਇਸ ਪੱਥਰ ਵੱਲ ਕਦੇ ਧਿਆਨ ਨਹੀਂ ਗਿਆ ਸੀ। ਅੱਜ ਕੱਲ੍ਹ ਮੈਂ ਸਵੇਰ ਦੀ ਸੈਰ ਨੂੰ ਜਾਂਦਾ ਹੋਇਆ, ਵਾਪਸੀ 'ਤੇ ਮਹੀਨੇ 'ਚ ਦੋ-ਚਾਰ ਵਾਰ ਉਧਰ ਦੀ ਅਵੱਸ਼ ਲੰਘਦਾ ਹਾਂ। ਐਦਾਂ ਸੋਚ ਕੇ ਜਿੱਦਾਂ ਮੇਰਾ ਕੋਈ ਵਡੇਰਾ ਇਥੇ ਦੱਬਿਆ ਹੋਇਆ ਹੈ। ਇੱਕ ਦਿਨ ਮੈਂ ਉਧਰ ਦੀ ਲੰਘਿਆ ਤਾਂ ਕੰਧ ਉਤੇ ਸ਼ਰਾਬ ਦੀ ਖਾਲੀ ਬੋਤਲ ਪਈ ਸੀ। ਮੈਨੂੰ ਲੱਗਿਆ ਜਿੱਦਾਂ ਨੂਰਪੁਰੀ ਨੇ ਇਹ ਬੋਤਲ ਖਾਲੀ ਕਰ ਕੇ ਰੱਖੀ ਹੋਵੇ ਤੇ ਉਹ ਗੁਣਗੁਣਾ ਰਿਹਾ ਹੋਵੇ

ਏਥੋਂ ਉਡ ਜਾ ਭੋਲਿਆ ਪੰਛੀਆਂ,
ਵੇ ਤੂੰ ਆਪਣੀ ਜਾਨ ਬਚਾ।
ਏਥੇ ਘਰ ਘਰ ਫਾਹੀਆਂ ਗੱਡੀਆਂ,
ਵੇ ਤੂੰ ਛੁਰੀਆਂ ਹੇਠ ਨਾ ਆ।

...ਨੰਦ ਲਾਲ ਨੂਰਪੁਰੀ ਦੇ ਕੁਝ ਪ੍ਰਸਿੱਧ ਗੀਤ-

ਚੰਨ ਵੇ ਕਿ ਸ਼ੌਂਕਣ ਮੇਲੇ ਦੀ
ਪੈਰ ਧੋ ਕੇ ਝਾਂਜਰਾਂ ਪਾਉਂਦੀ
ਮੇਲ੍ਹਦੀ ਆਉਂਦੀ ਕਿ ਸ਼ੌਂਕਣ ਮੇਲੇ ਦੀ।

***

ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ।
ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ।

***

ਮੈਨੂੰ ਦਿਓਰ ਦੇ ਵਿਆਹ ਵਿੱਚ ਨੱਚ ਲੈਣ ਦੇ।
ਜਿਹਨੂੰ ਝੂਠ-ਝੂਠ ਕਹਿੰਦੇ ਨੇ, ਹੋ ਸੱਚ ਲੈਣ ਦੇ।

***

ਕਾਹਨੂੰ ਵੇ ਪਿੱਪਲਾਂ ਖੜ ਖੜ ਲਾਈ ਆ
ਵੇਖ ਛਰਾਟੇ ਸੌਣ ਦੇ
ਅਜੇ ਜਵਾਨੀ ਉਦਰੀ ਉਦਰੀ
ਸੱਜਣਾਂ ਨੂੰ ਘਰ ਆਉਣ ਦੇ।

***

ਘੁੰਡ ਕੱਢ ਲੈ ਪਤਲੀਏ ਨਾਰੇ,
ਸਹੁਰਿਆਂ ਦਾ ਪਿੰਡ ਆ ਗਿਆ।
ਤੇਰੇ ਰੂਪ ਦੇ ਪੈਣ ਲਿਸ਼ਕਾਰੇ,
ਕਿ ਸਹੁਰਿਆਂ ਦਾ ਪਿੰਡ ਆ ਗਿਆ।


ਜਸਵੰਤ ਸਿੰਘ ਕੰਵਲ ਦੀ ਜਨਮ ਸ਼ਤਾਬਦੀ

# ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਮੁੱਢਲਾ ਕਾਂਡ

## ਮਾਹਲੇ ਕਾ ਬੰਤਾ-2

ਢੁੱਡੀ ਦੀਆਂ ਅਗਲੇਰੀਆਂ ਪੀੜ੍ਹੀਆਂ ਦੇ ਇਕ ਵਾਰਸ ਗੁਰਦਾਸ ਦੇ ਚਾਰ ਪੁੱਤਰ ਹੋਏ ਸਨ ਭੋਮੀਆ, ਕਪੂਰਾ, ਦਲਪਤ ਤੇ ਸੁਖਚੈਨ। ਉਨ੍ਹਾਂ ਨੇ 1640 ਈਸਵੀ ਵਿਚ ਨਵੇਂ ਪਿੰਡ ਦੀ ਮੋਹੜੀ ਗੱਡ ਕੇ ਉਸ ਪਿੰਡ ਦਾ ਨਾਂ ਆਪਣੇ ਬਜ਼ੁਰਗ ਢੁੱਡੀ ਦੇ ਨਾਂ ਉਤੇ ਢੁੱਡੀਕੇ ਰੱਖ ਦਿੱਤਾ। ਭੋਮੀਆ ਦੇ ਵਾਰਸਾਂ ਨੇ ਇਕ ਪੱਤੀ ਦਾ ਨਾਂ ਬਾਜਾ ਪੱਤੀ ਰੱਖ ਲਿਆ। ਕਪੂਰੇ ਦੇ ਵਾਰਸਾਂ ਕਪੂਰਾ ਪੱਤੀ ਰੱਖਿਆ ਜਿਸ ਵਿਚ ਜਸਵੰਤ ਸਿੰਘ ਕੰਵਲ ਨੇ ਜਨਮ ਲਿਆ। ਇਕ ਵਾਰਸ ਦਾ ਨਾਂ ਪੂਰਨ ਸੀ ਜਿਸ ਦੇ ਨਾਂ ਉਤੇ ਪਹਿਲਾਂ ਪੂਰਨ ਪੱਤੀ ਬਣੀ ਜੋ ਬਾਅਦ ਵਿਚ ਉਸ ਦੇ ਪੁੱਤਰ ਕੌਲੂ ਦੇ ਨਾਂ ਉਤੇ ਕੌਲੂ ਪੱਤੀ ਕਹੀ ਜਾਣ ਲੱਗੀ। ਦਲਪਤ ਦੇ ਇਕ ਮੁੰਡੇ ਝੰਡੇ ਨੇ ਆਪਣੀ ਪੱਤੀ ਦਾ ਨਾਂ ਝੰਡਾ ਪੱਤੀ ਰੱਖ ਲਿਆ। ਦਲਪਤ ਦੇ ਵੱਡੇ ਮੁੰਡੇ ਨੇ ਪਿੰਡ ਮੱਦੋਕੇ ਬੰਨ੍ਹ ਲਿਆ। ਨੱਥੂ ਦੇ ਨਾਂ ਉਤੇ ਢੁੱਡੀਕੇ ਵਿਚ ਨੱਥੂ ਪੱਤੀ ਬਣ ਗਈ ਤੇ ਇਕ ਹੋਰ ਪਿੰਡ ਨੱਥੂਵਾਲਾ ਦੀ ਮੋਹੜੀ ਗੱਡੀ ਗਈ। ਹੇਅਰਾਂ ਨੇ ਆਪਣੀ ਪੱਤੀ ਦਾ ਨਾਂ ਹੇਅਰ ਪੱਤੀ ਰੱਖ ਲਿਆ। ਢੁੱਡੀਕੇ ਦੀਆਂ ਕੁਲ ਛੇ ਪੱਤੀਆਂ ਹਨ ਅਤੇ 2011 ਦੀ ਮਰਦਮ ਸ਼ੁਮਾਰੀ ਮੁਤਾਬਿਕ ਕੁਲ 6200 ਵਿਅਕਤੀ ਸਨ।

ਭੂਗੋਲਿਕ ਤੌਰ 'ਤੇ ਢੁੱਡੀਕੇ ਅਜੋਕੇ ਪੰਜਾਬ ਦੇ ਕੇਂਦਰ ਵਿਚ ਹੈ। ਉਥੋਂ ਜਿੰਨੀ ਦੂਰ ਚੰਡੀਗੜ੍ਹ ਹੈ ਲਗਭਗ ਓਨੀ ਕੁ ਦੂਰ ਹੀ ਫਾਜ਼ਿਲਕਾ ਹੈ। ਜਿੰਨੀ ਦੂਰ ਅੰਮ੍ਰਿਤਸਰ ਓਨੀ ਕੁ ਦੂਰ ਬਠਿੰਡਾ। ਪਹਿਲਾਂ ਇਸ ਪਿੰਡ ਨੂੰ ਜ਼ਿਲ੍ਹਾ ਫਿਰੋਜ਼ਪੁਰ ਲੱਗਦਾ ਸੀ, ਫਿਰ ਫਰੀਦਕੋਟ ਤੇ ਹੁਣ ਜ਼ਿਲ੍ਹਾ ਮੋਗਾ ਲੱਗਦਾ ਹੈ। ਲੁਧਿਆਣਾ-ਫਿਰੋਜ਼ਪੁਰ ਹਾਈਵੇਅ ਉਤੇ ਅਜੀਤਵਾਲ ਤੋਂ ਇਹ ਪਿੰਡ ਚਾਰ ਕਿਲੋਮੀਟਰ ਦੱਖਣ ਵੱਲ ਹੈ। ਇਹਦੇ ਆਲੇ ਦੁਆਲੇ ਦੇ ਪਿੰਡ, ਚੂਹੜਚੱਕ, ਕੌਂਕੇ, ਡਾਂਗੀਆਂ, ਦੌਧਰ, ਲੋਪੋਂ, ਮੱਦੋਕੇ, ਬੁੱਟਰ, ਤਖਾਣਵੱਧ, ਡਾਲਾ, ਨੱਥੂਵਾਲਾ, ਮਟਵਾਣੀ, ਝੰਡੇਆਣਾ, ਅਜੀਤਵਾਲ, ਕੋਕਰੀ, ਕਿਲੀ ਚਾਹਲਾਂ ਤੇ ਗਾਲਿਬ ਆਦ ਹਨ।




ਜਦੋਂ ਜਸਵੰਤ ਸਿੰਘ ਕੰਵਲ ਦਾ ਜਨਮ ਹੋਇਆ ਢੁੱਡੀਕੇ ਕੱਚੇ ਕੋਠਿਆਂ ਵਾਲਾ ਪਿੰਡ ਸੀ। ਕੱਚੇ ਰਾਹ ਸਨ ਤੇ ਵਿੰਗੀਆਂ ਟੇਢੀਆਂ ਪਗਡੰਡੀਆਂ। ਟਾਵੇਂ ਟਾਵੇਂ ਖੂਹ ਸਨ ਜਿਨ੍ਹਾਂ ਉਤੇ ਹਲਟ ਚਲਦੇ। ਜਗਰਾਓਂ ਤੇ ਮੋਗਾ ਨੇੜਲੇ ਸ਼ਹਿਰ ਸਨ ਜਿਥੋਂ ਸੌਦਾ ਸੂਤ ਲਿਆਂਦਾ ਜਾਂਦਾ। ਨੇੜਲਾ ਰੇਲਵੇ ਸਟੇਸ਼ਨ ਅਜੀਤਵਾਲ ਢੁੱਡੀਕੇ ਤੋਂ ਤਿੰਨ ਮੀਲ ਸੀ। ਜਾਣ ਆਉਣ ਲਈ ਗੱਡੇ ਜਾਂ ਟਾਂਗੇ ਦੀ ਸਵਾਰੀ ਸੀ। ਸਰਦੇ ਪੁੱਜਦੇ ਬੰਦੇ ਊਠ ਘੋੜੇ ਦੀ ਸਵਾਰੀ ਵੀ ਕਰ ਲੈਂਦੇ। ਬਹੁਤੇ ਖੇਤਾਂ ਵਿਚ ਸਾਲ 'ਚ ਇਕੋ ਫਸਲ ਹੁੰਦੀ। ਉਹ ਵੀ ਤਦ ਜੇ ਲੋੜ ਜੋਗਾ ਮੀਂਹ ਪੈ ਜਾਂਦਾ। ਘਰਾਂ ਵਿਚ ਲਵੇਰਾ ਆਮ ਸੀ। ਦੁੱਧ ਘਿਉ ਦੀ ਟੋਟ ਨਹੀਂ ਸੀ। ਕੰਵਲ ਨੇ ਬਚਪਨ ਵਿਚ ਆਪਣੇ ਪਿੰਡ 'ਚੋਂਜੋ ਪ੍ਰਭਾਵ ਲਿਆ ਉਹੀ ਉਹਦੀਆਂ ਲਿਖਤਾਂ ਵਿਚ ਵਾਰ ਵਾਰ ਉਜਾਗਰ ਹੁੰਦਾ ਰਿਹਾ।

ਨਾਵਲ 'ਪੂਰਨਮਾਸ਼ੀ' ਦਾ 'ਨਵਾਂ ਪਿੰਡ' ਕੰਵਲ ਦਾ ਬਚਪਨ ਵਿਚ ਵੇਖਿਆ ਆਪਣਾ ਪਿੰਡ ਢੁੱਡੀਕੇ ਹੀ ਹੈ। ਨਾਵਲ ਦੇ ਆਰੰਭ ਵਿਚ ਜਿਹੜਾ ਖੂਹ ਚਲਦਾ ਵਿਖਾਇਆ ਗਿਆ ਹੈ ਉਹ ਉਹਦੇ ਘਰ ਨੇੜਲਾ ਖੂਹ ਸੀ ਜੋ ਹੁਣ ਪੂਰਿਆ ਜਾ ਚੁੱਕੈ। ਬੇਆਬਾਦ ਹੋਇਆ ਉਹ ਖੂਹ ਉਹਦੇ ਨਾਵਲ ਵਿਚ ਆਬਾਦ ਹੈ। ਕੰਵਲ ਨੇ ਬਚਪਨ ਵਿਚ ਵੇਖੀ ਤੇ ਮਾਣੀ ਆਪਣੇ ਪਿੰਡ ਦੀ ਪ੍ਰਕਿਰਤੀ ਅਤੇ ਸਵੇਰਸਾਰ ਦੇ ਦ੍ਰਿਸ਼ ਨੂੰ 'ਪੂਰਨਮਾਸ਼ੀ' ਦੇ ਮੁੱਢ ਵਿਚ ਹੀ ਇੰਜ ਬਿਆਨ ਕੀਤਾ ਹੈ:

ਜੱਟਾ ਤੇਰੀ ਜੂਨ ਬੁਰੀ ਹਲ ਛੱਡ ਕੇ ਚਰ੍ਹੀ ਨੂੰ ਜਾਣਾ।

ਮੂੰਹ-ਅਨ੍ਹੇਰੀ ਸਵੇਰ ਭਗਤਾਂ ਦਾ ਸਮਾਂ ਹੁੰਦਾ ਹੈ, ਜਿਸ ਵਿਚ ਉਹ ਇਸ਼ਨਾਨ ਕਰ ਕੇ ਆਪਣੇ ਧਿਆਨ ਨੂੰਸਹਿਜ ਆਤਮਾ ਨਾਲ ਜੋੜਦੇ ਹਨ। ਹਾਲੀ ਖੇਤਾਂ ਵਿਚ ਜੋਗ ਪਿੱਛੇ, ਆਰਥਿਕ ਹਾਲਤ ਵਿਚ ਬੁੱਢੀ ਹੋ ਰਹੀ ਜ਼ਿੰਦਗੀ ਨੂੰ ਮਿੱਠੀ ਤੇ ਲੰਮੀ ਹੇਕ ਦੇ ਗੀਤ ਗਾ ਗਾ, ਠੁਮ੍ਹਣੇ ਦੇ ਦੇ ਬਚਾਂਦੇ ਹਨ। ਏਸੇ ਹੀ ਸਵੇਰ ਵਿਚ ਕਈਆਂ ਸੁਆਣੀਆਂ ਨੂੰ ਪੀਹ ਕੇ ਡੰਗ ਪਕਾਉਣ ਦਾ ਫਿਕਰ ਪਿਆ ਹੁੰਦਾ



ਹੈ ਅਤੇ ਉਨ੍ਹਾਂ ਦੇ ਜਵਾਨਡੌਲੇ ਚੱਕੀ ਪੀਂਹਦੇ, ਗੰਡ ਵਿਚੋਂ ਆਟੇ ਦੀ ਲਗਾਤਾਰ ਧਾਰ ਵਗਾ ਦਿੰਦੇ ਹਨ।

ਬਹੁਤੀਆਂ ਸੁਆਣੀਆਂ ਚਾਟੀਆਂ ਵਿਚ ਮਧਾਣੀਆਂ ਪਾ ਕੇ ਦੁੱਧ ਰਿੜਕਣਾ ਸ਼ੁਰੂ ਕਰਦੀਆਂ ਹਨ। ਪੇਂਡੂ ਜਵਾਨੀ ਮੱਖਣਾਂ ਵਿਚ ਘੁਲ ਕੇ ਲਿਸ਼ਕਦੀ ਹੈ। ਅਮਲੀ ਰਜਾਈਆਂ ਹੇਠ ਊਂਘਦੇ, ਪਾਲੇ ਤੇ ਨਸ਼ੇ ਦੀ ਤਰੋਟ ਦੇ ਭੰਨੇ ਹੱਡ, ਇਕੱਠੇ ਕਰਨ ਦੇ ਯਤਨ ਕਰਦੇ ਹਨ। ਕੁੱਕੜ ਦੀ ਬਾਂਗ ਸੁਣ ਕੇ ਉਹ ਰਜਾਈ ਦਾ ਉੱਚਾ ਹੋਇਆ ਲੜ ਦੱਬ ਕੇ ਫਿਰ ਸੌਂ ਜਾਂਦੇ ਹਨ, ਜਿਵੇਂ ਉਨ੍ਹਾਂ ਦੀ ਜ਼ਿੰਦਗੀ ਵਿਚੋਂ ਮੂਲ-ਉਤਸ਼ਾਹ ਅਸਲੋਂ ਮੁੱਕ ਗਿਆ ਹੋਵੇ।

ਨਵੇਂ ਪਿੰਡ ਦੀ ਨਿਆਈਂ ਵਿਚ ਖੂਹ ਚੱਲ ਰਿਹਾ ਸੀ। ਪੈੜ ਦੁਆਲੇ ਬੋਤਾ ਆਵਾਗਵਨ ਦੀ ਫੇਰੀ ਵਾਂਗ ਘੁੰਮ ਰਿਹਾ ਸੀ। ਉਸ ਨੂੰ ਆਪਣੀ ਮੰਜ਼ਲ ਦਾ ਪਤਾ ਨਹੀਂ ਸੀ। ਗੋਲ ਚੱਕਰ ਦਾ ਕੋਈ ਸਿਰਾ ਨਹੀਂ ਹੁੰਦਾ। ਭਰੀਆਂ ਟਿੰਡਾਂ ਜੀਵਨ ਦੇ ਵਲਵਲਿਆਂ ਵਾਂਗ ਉਛਲ ਕੇ ਡੁਲ੍ਹਦੀਆਂ ਅਤੇ ਖਾਲੀ ਹਸਰਤਾਂ ਆਹਾਂ ਵਾਂਗ ਹਿਰਦੇ-ਖੂਹ ਵਿਚ ਮੁੜ ਟੁੱਭੀ ਮਾਰ ਜਾਂਦੀਆਂ ਹਨ। ਹਲਟ ਦੀ ਚਾਲ ਜ਼ਿੰਦਗੀ ਦੀ ਜਦੋ-ਜਹਿਦ ਦਾ ਸੰਦੇਸ਼ ਬਣੀ ਹੋਈ ਸੀ। ਯਾਦ ਦੇ ਆਪ-ਮੁਹਾਰੇ ਵਹਾ ਵਾਂਗ ਪਾਣੀ ਆਡ ਵਿਚ ਦੀ ਖੇਤਾਂ ਨੂੰ ਰੁੜ੍ਹਿਆ ਜਾ ਰਿਹਾ ਸੀ। ਬੂੜੀਆਂ ਕੋਲ ਕੁੱਤੇ ਦੀ ਵਜਦੀ 'ਟੱਚ-ਟੱਚ' ਕਿਸਾਨ ਮਾਲਕ ਨੂੰ ਦੱਸਦੀ ਸੀ ਕਿ ਉਹਦਾ ਛੋਟਾ ਸੰਸਾਰ ਚੱਲ ਰਿਹਾ ਹੈ। ਪਾਣੀ ਦਾ ਪ੍ਰਵਾਹ ਪਾਲੇ ਨਾਲ ਮੁਰਝਾਈ ਸੇਂਜੀ ਨੂੰ ਉਦੋਸਾਉਣ ਦਾ ਅਵਸਰ ਦੇ ਰਿਹਾ ਸੀ। ਦੋ ਦੋ ਤਿੰਨ ਤਿੰਨ ਉਂਗਲ ਖੇਤ ਵਿਚੋਂ ਸਿਰ ਚੁੱਕਦੀ ਸੇਂਜੀ ਪਾਣੀ ਵਿਚ ਡੁੱਬ ਰਹੀ ਸੀ।

ਖੂਹ ਦੇ ਨੇੜੇ ਦੋ ਤਿੰਨ ਵਾੜੇ ਮਨੁੱਖ ਜੇਡੀਆਂ ਉੱਚੀਆਂ ਕੰਧਾਂ ਨਾਲ ਵਲੇ ਹੋਏ ਸਨ। ਕੱਚੀਆਂ ਕੰਧਾਂ ਮਾਰੂ ਮੀਂਹਾਂ ਦੀ ਵਾਛੜ ਵਿਚ ਵੀ ਸਿਦਕਵਾਨ ਹੋਈਆਂ ਖੜ੍ਹੀਆਂ ਸਨ। ਚੀਕਣੇ ਛੱਪੜਾਂ ਵਿਚੋਂ ਇਨ੍ਹਾਂ ਕੰਧਾਂ ਦੀਆਂ ਇੱਟਾਂ ਨੂੰ ਕਿਸਾਨ ਨੇ ਵਿਹਲੀ ਰੁੱਤ ਵਿਚ ਕਹੀਆਂ ਅਤੇ ਗੰਧਾਲੀਆਂ ਨਾਲ ਹਿਲਾ ਹਿਲਾ ਕੇ ਕੱਢਿਆ ਸੀ। ਵਾੜਿਆਂ ਵਿਚ ਮੱਕੀ ਤੇ ਚਰ੍ਹੀ ਦੀਆਂ ਪੂਲੀਆਂ ਦੀਆਂ ਵੱਡੀਆਂ ਵੱਡੀਆਂ ਦੰਨਾਂ ਲੱਗੀਆਂ ਹੋਈਆਂ ਸਨ। ਬਹੁਤੀਆਂ ਦੁਆਲੇ ਕੰਡਿਆਲੀਆਂ ਵਾੜਾਂ ਕੀਤੀਆਂ ਹੋਈਆਂ ਸਨ ਅਤੇ ਬੇਹਿੰਮਤਿਆਂ ਦੀਆਂ ਦੰਨਾਂ ਵਿਚ ਆਵਾਰਾ ਪਸ਼ੂਆਂ ਨੇ ਖਾਹ ਖੋਹ ਘੁਰਨੇ ਪਾ ਦਿੱਤੇ ਸਨ। ਗੋਹੇ ਨੂੰ ਪਾਥੀਆਂ ਬਣਾ ਬਣਾ ਸਾੜਿਆ ਜਾ ਰਿਹਾ ਸੀ, ਜਿਹੜਾ ਕਿ ਪੈਲੀਆਂ ਦੀ ਉਪਜ ਵਿਚ ਸਭ ਤੋਂ ਬਹੁਤਾ ਸਹਾਈ ਹੁੰਦਾ ਹੈ। ਗੋਹਾ ਕਿਸਾਨ ਦਾ ਚੰਗਾ ਮਿੱਤਰ ਹੈ। ਪਰ ਅਫਸੋਸ, ਜਿਥੇ ਬਲ ਹੈ, ਉਥੇ ਸਿਆਣਪ ਨਹੀਂ, ਜਿਸ ਕਰਕੇ ਪਿੰਡਾਂ ਵਿਚ ਹਾਰੀ ਜ਼ਿੰਦਗੀ ਵਿੰਗੇ ਲੱਕ ਕੁੱਬੀ ਕੁੱਬੀ ਜੀਅ ਰਹੀ ਹੈ।

ਕਿਆਰੇ ਮੋੜਦੇ ਕਿਸਾਨ ਨੇ ਨੇੜੇ ਦੇ ਖੇਤ ਵਿਚੋਂ ਬੋਤੇ ਨੂੰ 'ਹੂੰ ਹੂੰ ਬੋਤਿਆ' ਆਖ ਲਲਕਾਰਾ ਮਾਰਿਆ। ਬੋਤੇ ਦੀ ਮਧਮ ਚਾਲ ਵਿਚ ਇਕ ਦਮ ਫੁਰਤੀ ਆ ਗਈ ਅਤੇ ਕੁੱਤੇ ਦੀ ਹੌਲੀ ਹੌਲੀ ਵੱਜਦੀ 'ਟੱਚ ਟੱਚ' ਨਾਚ ਦੇ ਕਾਹਲੇ ਸਾਜ਼ ਵਾਂਗ 'ਟਿੱਚ ਟਿੱਚ ਟਿੱਚ' ਕਰ ਉਠੀ। ਬੈੜ ਤੋਂ ਦੀ ਘੁੰਮਦੀਆਂ ਟਿੰਡਾਂ ਦਾ ਪਾਣੀ ਪਾੜਸੇ ਦੀ ਥਾਂ ਬਹੁਤਾ ਖੂਹ ਵਿਚ ਡੁੱਲ੍ਹਣ ਲੱਗਾ। ਕਦੇ ਕਦੇ ਮਾਹਲ ਦੇ ਬੈੜ ਦੀਆਂ ਰੰਬੀਆਂ ਤੋਂ ਉਤਾਂਹ ਹੇਠਾਂ ਹੋਣ ਨਾਲ, ਇਕ ਤਕੜਾ ਧੜਕਾ ਪੈਦਾ ਹੁੰਦਾ, ਜਿਸ ਦੇ ਖੜਾਕ ਨਾਲ ਨੇੜ ਤੇੜ ਦੇ ਘਰਾਂ ਵਿਚ ਖ਼ਬਰ ਹੋ ਜਾਂਦੀ ਸੀ ਕਿ ਅੱਜ ਨਿਆਈਂ ਵਾਲਾ ਖੂਹ ਵਗ ਰਿਹਾ ਹੈ। ਕਈਆਂ ਜੱਟੀਆਂ ਨੂੰ ਟੱਬਰ ਦੇ ਮੈਲੇ ਕਪੜੇ ਧੋਣ ਦਾ ਚੇਤਾ ਆਉਂਦਾ ਅਤੇ ਆਪਣੇ ਕੰਮਾਂ ਨੂੰ ਛੋਹਲੀ ਨਾਲ ਨਬੇੜਨ ਲੱਗ ਜਾਂਦੀਆਂ...।

ਲਾਲਾ ਲਾਜਪਤ ਰਾਏ ਤੇ ਕੰਵਲ ਦਾ ਜਨਮ ਜਿਨ੍ਹਾਂ ਕੱਚੇ ਕੋਠਿਆਂ ਵਿਚ ਹੋਇਆ ਉਨ੍ਹਾਂ ਦੀ ਵਿੱਥ ਬੜੀ ਥੋੜ੍ਹੀ ਸੀ। ਛੱਤ ਉਪਰ ਦੀ ਵੀਹ ਕਦਮ ਵੀ ਦੂਰ ਨਹੀਂ ਸੀ। ਦੋਹਾਂ ਘਰਾਂ ਵਿਚਕਾਰ ਕੇਵਲ ਇਕੋ ਘਰ ਸੀ। ਪਿਛਲੀ ਕੰਧ ਮਹਾਜਨਾਂ ਦੀ ਕੰਧ ਨਾਲ ਜਾ ਲੱਗਦੀ ਸੀ। ਲਾਜਪਤ ਰਾਏ ਦਾ ਪਿਤਾ ਮੁਣਸ਼ੀ ਰਾਧਾ ਕ੍ਰਿਸ਼ਨ ਅਗਰਵਾਲ ਜਗਰਾਓਂ ਦੇ ਸਕੂਲ ਵਿਚ ਅਧਿਆਪਕ ਸੀ। ਉਸ ਦੀ ਪਤਨੀ ਗੁਲਾਬ ਦੇਵੀ ਢੁੱਡੀਕੇ ਦੀ ਧੀ ਸੀ। ਬੱਚਾ ਜੰਮਣ ਸਮੇਂ ਉਹ ਆਪਣੇ ਪੇਕੇ ਪਿੰਡ ਆ ਗਈ ਸੀ। ਨਿੱਕਾ ਜਿਹਾ ਘਰ ਸੀ ਉਹਦੇ ਪੇਕਿਆਂ ਦਾ। ਘਰ ਤਾਂ ਮਾਹਲਾ ਸਿੰਘ ਦਾ ਵੀ ਬਹੁਤਾ ਵੱਡਾ ਨਹੀਂ ਸੀ ਪਰ ਗੁਲਾਬ ਦੇਵੀ ਕੇ ਘਰ ਤੋਂ ਫਿਰ ਵੀ ਵਾਹਵਾ ਵੱਡਾ ਸੀ।

ਜਿਸ ਨਿੱਕੀ ਜਿਹੀ ਕੋਠੜੀ ਵਿਚ ਲਾਲੇ ਦਾ ਜਨਮ ਹੋਇਆ ਸੀ ਬਾਅਦ ਵਿਚ ਆਲੇ ਦੁਆਲੇ ਦੇ ਘਰਾਂ ਦੀ ਥਾਂ ਲੈ ਕੇ ਉਥੇ ਲਾਲਾ ਲਾਜਪਤ ਰਾਏ ਦੀ ਹਾਲ ਰੂਪੀ ਵੱਡੀ ਯਾਦਗਾਰ ਬਣਾਈ ਗਈ ਹੈ ਜਿਸ ਨੂੰ ਪਿੰਡ ਵਾਲੇ 'ਲਾਲੇ ਦੀ ਜਗ੍ਹਾ' ਕਹਿੰਦੇ ਹਨ। ਕੰਵਲ ਦੇ ਜਨਮ ਵਾਲਾ ਘਰ ਪਹਿਲਾਂ ਤਾਂ ਉਨ੍ਹਾਂ ਦੇ ਸਾਂਝੇ ਪਰਿਵਾਰ ਪਾਸ ਹੀ ਰਿਹਾ। ਫਿਰ ਮਹਾਜਨਾਂ ਵੱਲ ਦਾ ਤੀਜਾ ਹਿੱਸਾ ਵੱਡੇ ਭਰਾ ਕਰਤਾਰ ਸਿੰਘ ਨੂੰ ਦੇ ਦਿੱਤਾ ਅਤੇ ਕੰਵਲ ਤੇ ਛੋਟੇ ਭਰਾ ਹਰਬੰਸ ਸਿੰਘ ਨੇ ਸਾਂਝੇ ਘਰ 'ਚੋਂ' ਦੋ ਹਿੱਸੇ ਚੜ੍ਹਦੇ ਪਾਸੇ ਰੱਖ ਕੇ ਵਸੋਂ ਕੀਤੀ। ਜਦੋਂ ਪਰਿਵਾਰ ਨੇ ਬਾਹਰਵਾਰ ਖੂਹ ਕੋਲ ਵਸੇਬਾ ਕਰ ਲਿਆ ਤਾਂ ਕੰਵਲ ਹੋਰਾਂ ਨੇ ਜੱਦੀ ਘਰ ਪਿੰਡ ਦੇ ਇਕ ਝਿਓਰ ਪਰਿਵਾਰ ਨੂੰ ਵੇਚ ਦਿੱਤਾ। ਇੰਜ ਉਹ ਘਰ ਖੋਲਾ ਬਣਨ ਦੀ ਥਾਂ ਵਸਦਾ ਰਸਦਾ ਆ ਰਿਹੈ। ਜੇ ਕਿਸੇ ਨੇ ਕੰਵਲ ਦਾ ਜਨਮ ਸਥਾਨ ਵੇਖਣਾ ਹੋਵੇ ਤਾਂ ਉਹ ਉਸ ਵਸਦੇ ਰਸਦੇ ਘਰ ਨੂੰ ਵੇਖ ਸਕਦਾ ਹੈ। ਉਸ ਘਰ ਤੋਂ ਕੰਵਲ ਹੋਰਾਂ ਦਾ ਅਜੋਕਾ ਘਰ ਲਗਭਗ ਦੋ ਕੁ ਸੌ ਮੀਟਰ ਚੜ੍ਹਦੇ ਪਾਸੇ ਹੈ ਅਤੇ 'ਬਾਹਰਲੀ ਕੋਠੀ' ਉਸ ਤੋਂ ਵੀ ਸੌ ਕੁ ਮੀਟਰ ਚੜ੍ਹਦੇ ਪਾਸੇ।

............(ਚਲਦਾ)

## ਨਹਿਰ ਵਿੱਚ ਰੁੜ੍ਹੇ ਦੋ ਨੌਜਵਾਨਾਂ ਵਿੱਚੋਂ ਇੱਕ ਜਣੇ ਦੀ ਲਾਸ਼ ਮਿਲੀ

ਮੁਕੇਰੀਆਂ, 25 ਜੂਨ (ਪੋਸਟ ਬਿਊਰੋ)- ਕੰਢੀ ਦੇ ਪਿੰਡ ਭੰਬੋਤਾੜ ਦੇ ਫੌਜ ਵਿੱਚ ਭਰਤੀ ਹੋਣ ਲਈ ਘਰੋਂ ਕਮਾਹੀ ਦੇਵੀ ਦੇ ਸੁਵਿਧਾ ਕੇਂਦਰ ਵਿੱਚ ਗਏ ਅਤੇ ਫਿਰ ਭੇਤਭਰੇ ਹਾਲਾਤਾਂ 'ਚ ਲਾਪਤਾ ਹੋਏ ਦੋ ਨੌਜਵਾਨਾਂ ਵਿੱਚੋਂ ਇੱਕ ਦੀ ਲਾਸ਼ ਨਹਿਰ 'ਚੋਂ ਮਿਲੀ ਹੈ। ਦੂਸਰੇ ਦੀ ਹਾਲੇ ਪੁਲਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਇਸ ਬਾਰੇ ਮ੍ਰਿਤਕ ਚਰਨਜੀਤ ਸਿੰਘ (18 ਸਾਲ) ਦੇ ਪਿਤਾ ਰਜਿੰਦਰ ਸਿੰਘ ਨੇ ਦੱਸਿਆ ਕਿ ਚਰਨਜੀਤ ਅਤੇ ਉਸ ਦਾ ਸਾਥੀ ਰਮੇਸ਼ ਕੁਮਾਰ ਕੱਲ੍ਹ ਫੌਜ ਵਿੱਚ ਭਰਤੀ ਹੋਣ ਲਈ ਆਪਣੇ ਦਸਤਾਵੇਜ ਬਣਵਾਉਣ ਕਮਾਹੀ ਦੇਵੀ ਦੇ ਸੁਵਿਧਾ ਕੇਂਦਰ ਵਿੱਚ ਮੋਟਰ ਸਾਈਕਲ 'ਤੇ ਗਏ ਸਨ। ਦੁਪਹਿਰ ਕਰੀਬ ਇੱਕ ਵਜੇ ਚਰਨਜੀਤ ਸਿੰਘ ਦਾ ਫੋਨ ਆਇਆ ਕਿ ਉਸ ਦਾ ਸੁਵਿਧਾ ਕੇਂਦਰ ਵਿੱਚ ਕੰਮ ਨਹੀਂ ਹੋਇਆ ਤੇ ਉਹ ਵਾਪਸ ਆ ਰਹੇ ਹਨ। ਉਸ ਤੋਂ ਬਾਅਦ ਜਦੋਂ ਕਾਫੀ ਸਮੇਂ ਉਨ੍ਹਾਂ ਦਾ ਪੁੱਤਰ ਘਰ ਨਹੀਂ ਪੁੱਜਾ ਤਾਂ ਉਸ ਦੇ ਮੋਬਾਈਲ ਫੋਨ 'ਤੇ ਕਈ ਵਾਰ ਫੋਨ ਕੀਤਾ, ਪਰ ਫੋਨ ਦੀ ਘੰਟੀ ਵੱਜਣ 'ਤੇ ਵੀ ਫੋਨ ਕਿਸੇ ਨੇ ਨਹੀਂ ਚੁੱਕਿਆ। ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਗਈ ਤਾਂ ਇਸੇ ਦੌਰਾਨ ਚਰਨਜੀਤ ਸਿੰਘ ਤੇ ਉਸ ਦੇ ਸਾਥੀ ਲੜਕੇ ਰਮੇਸ਼ ਕੁਮਾਰ ਦੇ ਕੱਪੜੇ, ਜੁੱਤੀਆਂ, ਪਰਸ ਅਤੇ ਇੱਕ ਮੋਬਾਈਲ ਕੰਢੀ ਨਹਿਰ ਪਿੰਡ ਨਮੋਲੀ ਹਾਰ ਦੇ ਕੰਢੇ ਮਿਲੇ। ਇਸ ਤੋਂ ਬਾਅਦ ਪੁਲਸ ਨੂੰ ਸੂਚਿਤ ਕਰਨ ਉਪਰੰਤ ਦੋਵਾਂ ਦੀ ਭਾਲ ਕੀਤੀ ਤਾਂ ਚਰਨਜੀਤ ਸਿੰਘ ਦੀ ਲਾਸ਼ ਕੰਢੀ ਨਹਿਰ ਵਿੱਚੋਂ ਫਾਇਰ ਬ੍ਰਿਗੇਡ ਦੀ ਟੀਮ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਲੱਭ ਲਈ, ਪਰ ਰਮੇਸ਼ ਦੀ ਭਾਲ ਹਾਲੇ ਵੀ ਜਾਰੀ ਹੈ।

## ਲੱਕੜਾਂ ਦੇ ਰੇੜ੍ਹੇ ਦੀ ਲਪੇਟ ਵਿੱਚ ਆਏ ਦੋ ਨੌਜਵਾਨਾਂ ਦੀ ਮੌਤ, ਚਾਰ ਜ਼ਖਮੀ

ਨਕੋਦਰ, 25 ਜੂਨ (ਪੋਸਟ ਬਿਊਰੋ)- ਨਕੋਦਰ-ਜੰਡਿਆਲਾ ਰੋਡ ਦੇ ਪਿੰਡ ਸਰੀਂਹ ਨੇੜੇ ਲੱਕੜ ਨਾਲ ਲੱਦੇ ਰੇੜ੍ਹੇ ਅਤੇ ਟਰੈਕਟਰ ਦੀ ਲਪੇਟ ਵਿੱਚ ਆਉਣ ਨਾਲ ਮੋਟਰ ਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਬਾਕੀ ਹੋਰ ਮੋਟਰ ਸਾਈਕਲਾਂ ਉਤੇ ਸਵਾਰ ਚਾਰ ਨੌਜਵਾਨ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸ਼ੰਕਰ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ। ਮ੍ਰਿਤਕਾਂ ਦੀ ਪਛਾਣ ਕੁਲਦੀਪ ਪੁੱਤਰ ਲਾਲ ਚੰਦ ਵਾਸੀ ਧਾਲੀਵਾਲ, ਥਾਣਾ ਨਕੋਦਰ ਅਤੇ ਮਾਣਾ ਪੁੱਤਰ ਨਿੰਮਾ ਵਾਸੀ ਬਾਂਗੇਵਾਲ ਥਾਣਾ ਮਹਿਤਪੁਰ ਵਜੋਂ ਹੋਈ ਅਤੇ ਜ਼ਖਮੀ ਨੌਜਵਾਨ ਸੁੱਖਾ ਪੁੱਤਰ ਸ਼ਿੰਗਾਰਾ, ਲਵਪ੍ਰੀਤ ਪੁੱਤਰ ਸ਼ਿੰਗਾਰਾ ਦੋਵੇਂ ਵਾਸੀਅਨ ਧਾਲੀਵਾਲ, ਥਾਣਾ ਸਦਰ, ਸੋਖਾ ਪੁੱਤਰ ਸੋਮਨਾਥ ਅਤੇ ਅਮਨਦੀਪ ਪੁੱਤਰ ਤਾਰੀ ਵਾਸੀ ਧਾਲੀਵਾਲ ਦੱਸੇ ਗਏ ਹਨ। ਪੁਲਸ ਨੇ ਅਮਨਦੀਪ ਦੇ ਬਿਆਨ 'ਤੇ ਰੇੜ੍ਹਾ ਚਾਲਕ 'ਤੇ ਕੇਸ ਦਰਜ ਕਰ ਦਿੱਤਾ ਹੈ।

# ਫਿਲਮੀ ਅੰਦਾਜ਼ ਵਿੱਚ ਸਾਥੀਆਂ ਨੇ ਕੈਦੀ ਨੂੰ ਛੁਡਾ ਲਿਆ

### * ਏ ਐੱਸ ਆਈ ਅਤੇ ਹਵਾਲਦਾਰ ਸਸਪੈਂਡ

ਤਰਨ ਤਾਰਨ, 25 ਜੂਨ (ਪੋਸਟ ਬਿਊਰੋ)- ਲੁਧਿਆਣਾ ਦੀ ਜੇਲ੍ਹ ਵਿੱਚ ਬੰਦ ਇੱਕ ਕੈਦੀ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ ਵਿੱਚ ਲਿਜਾਂਦੇ ਹੋਏ ਸਰਹਾਲੀ ਪਿੰਡ ਨੇੜੇ ਨੈਸ਼ਨਲ ਹਾਈਵੇ 'ਤੇ ਇੱਕ ਢਾਬੇ ਕੋਲੋਂ ਉਸ ਦੇ ਸਾਥੀਆਂ ਨੇ ਪੁਲਸ ਨੂੰ ਫਿਲਮੀ ਅੰਦਾਜ਼ ਵਿੱਚ ਚਕਮਾ ਦੇ ਕੇ ਛੁਡਵਾ ਲਿਆ ਅਤੇ ਲੈ ਗਏ।

ਥਾਣਾ ਸਰਹਾਲੀ ਦੀ ਪੁਲਸ ਨੇ ਦੋ ਪੁਲਸ ਵਾਲਿਆਂ ਅਤੇ ਚਾਰ ਦੋਸ਼ੀਆਂ ਵਿਰੁੱਧ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਇੱਕ ਏ ਐੱਸ ਆਈ ਅਤੇ ਹਵਾਲਦਾਰ ਨੂੰ ਵਿਭਾਗ ਨੇ ਸਸਪੈਂਡ ਕਰ ਦਿੱਤਾ ਹੈ। ਪਤਾ ਲੱਗਾ ਹੈ ਕਿ ਜਗਬੀਰ ਸਿੰਘ ਪੁੱਤਰ ਸਰਬਜੀਤ ਸਿੰਘ ਪਿੰਡ ਦਾਸੂਵਾਲ ਥਾਣਾ ਵਲਟੋਹਾ ਜ਼ਿਲ੍ਹਾ ਤਰਨ ਤਾਰਨ ਕਾਫੀ ਸਮੇਂ ਤੋਂ ਲੁਧਿਆਣਾ ਜੇਲ੍ਹ ਵਿੱਚ ਬੰਦ ਸੀ। ਉਸ ਉੱਤੇ ਲਗਭਗ 10 ਕੇਸ ਦਰਜ ਹਨ, ਜਿਸ ਨੂੰ ਅਦਾਲਤ ਵਿੱਚ ਪੇਸ਼ ਕਰਨ ਲਿਜਾਇਆ ਗਿਆ ਸੀ। ਏ ਐੱਸ ਆਈ



ਅਜਮੇਰ ਸਿੰਘ ਅਤੇ ਹਵਾਲਦਾਰ ਸੁਖਵਿੰਦਰ ਸਿੰਘ ਸਰਕਾਰੀ ਗੱਡੀ ਦੀ ਥਾਂ ਨਿੱਜੀ ਗੱਡੀ ਵਿੱਚ ਲੈ ਕੇ ਜਾ ਰਹੇ ਸਨ। ਕੈਦੀ ਨੇ ਪਹਿਲਾਂ ਫਰਾਰ ਹੋਣ ਦੀ ਯੋਜਨਾ ਬਣਾ ਰੱਖੀ ਸੀ, ਜਿਸ ਦਾ ਦੋਵਾਂ ਪੁਲਸ ਵਾਲਿਆਂ ਨੂੰ ਪਤਾ ਨਹੀਂ ਸੀ। ਕੈਦੀ ਜਗਬੀਰ ਸਿੰਘ ਤੇ ਦੋਵੇਂ ਪੁਲਸ ਵਾਲੇ ਸਵੇਰੇ ਅਦਾਲਤ ਵਿੱਚ ਪੇਸ਼ ਹੋਣ ਦੀ ਥਾਂ ਨਕੋਦਰ-ਮੋਗਾ ਵੱਲੋਂ ਹੁੰਦੇ ਹੋਏ ਹਰੀਕੇ ਦੇ ਬਾਅਦ ਸਰਹਾਲੀ ਪਿੰਡ ਨੇੜੇ ਨੈਸ਼ਨਲ ਹਾਈਵੇ ਉੱਤੇ ਇੱਕ ਢਾਬੇ 'ਤੇ ਪਹੁੰਚ ਗਏ ਤਾਂ ਕੈਦੀ ਨੇ ਆਪਣੀ ਗੱਡੀ ਇੱਕ ਢਾਬੇ 'ਤੇ ਰੋਕ ਕੇ ਖਾਣੇ ਦਾ ਆਰਡਰ ਦਿੱਤਾ। ਉਨ੍ਹਾਂ ਦਾ ਪਿੱਛਾ ਕਰ ਰਹੀ ਇੱਕ ਹੋਰ ਕਾਰ, ਜਿਸ ਵਿੱਚ ਦੋ ਵਿਅਕਤੀ ਸਨ, ਨੇ ਏ ਐੱਸ ਆਈ ਅਜਮੇਰ ਸਿੰਘ ਅਤੇ ਹਵਾਲਦਾਰ ਸੁਖਵਿੰਦਰ ਸਿੰਘ ਨੂੰ ਪਿਸਤੌਲ ਵਿਖਾ ਕੇ ਜਗਬੀਰ ਸਿੰਘ ਨੂੰ ਫਿਲਮੀ ਅੰਦਾਜ਼ ਵਿੱਚ ਛੁਡਵਾ ਲਿਆ ਅਤੇ ਲੈ ਕੇ ਫਰਾਰ ਹੋ ਗਏ। ਥਾਣਾ ਸਰਹਾਲੀ ਦੇ ਐੱਸ ਐੱਚ ਓ ਤਰਸੇਮ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਜ਼ਿਲ੍ਹੇ ਦੇ ਐੱਸ ਪੀ ਆਈ ਹਰਜੀਤ ਸਿੰਘ ਨੇ ਦੱਸਿਆ ਕਿ ਇਸ ਕੇਸ ਦੀ ਜਾਂਚ ਚੱਲ ਰਹੀ ਹੈ ਅਤੇ ਜਗਬੀਰ ਸਿੰਘ ਅਤੇ ਉਸ ਦੇ ਦੋ ਸਾਥੀਆਂ ਦੇ ਨਾਲ-ਨਾਲ ਏ ਐੱਸ ਆਈ ਅਤੇ ਹਵਾਲਦਾਰ ਵਿਰੁੱਧ ਥਾਣਾ ਸਰਹਾਲੀ ਵਿੱਚ ਕੇਸ ਦਰਜ ਕਰਨ ਪਿੱਛੋਂ ਏ ਐੱਸ ਆਈ ਅਤੇ ਹਵਾਲਦਾਰ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਡੀ ਐੱਸ ਪੀ (ਕਰਾਈਮ) ਲੁਧਿਆਣਾ ਅਨਿਲ ਕੁਮਾਰ ਕੋਹਲੀ ਨੇ ਸਰਹਾਲੀ ਥਾਣੇ ਵਿੱਚ ਇੱਕ ਏ ਐੱਸ ਆਈ, ਹੈੱਡਕਾਂਸਟੇਬਲ ਤੇ ਕਾਰ ਡਰਾਈਵਰ ਸਮੇਤ ਛੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਵਾ ਦਿੱਤਾ ਹੈ।

# ਡੀ ਐੱਨ ਏ ਟੈੱਸਟ ਪਿੱਛੋਂ ਵੀ ਲੜਾਈ ਲੜ ਰਹੀ ਹੈ ਬਲਾਤਕਾਰ ਤੋਂ ਪੈਦਾ ਹੋਈ ਬੱਚੀ

ਲੁਧਿਆਣਾ, 25 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਤੋਂ ਕਰੀਬ 20 ਕਿਲੋਮੀਟਰ ਦੂਰ ਪਿੰਡ ਦੀ ਇਕ ਔਰਤ ਨਾਲ ਬਲਾਤਕਾਰ ਕਾਰਨ 21 ਸਾਲ ਪਹਿਲਾਂ ਪੈਦਾ ਹੋਈ ਬੱਚੀ ਅੱਜ ਮੁਟਿਆਰ ਹੋਣ ਪਿੱਛੋਂ ਵੀ ਹਾਈ ਕੋਰਟ ਦੇ ਹੁਕਮ ਨਾਲ ਡੀ ਐੱਨ ਏ ਟੈੱਸਟ ਕਰਾਉਣ ਦੇ ਬਾਵਜੂਦ ਆਪਣੇ ਪਿਤਾ ਦਾ ਨਾਂ ਲੈਣ ਦੀ ਕਾਨੂੰਨੀ ਲੜਾਈ ਲੜ ਰਹੀ ਹੈ। ਦੂਸਰੇ ਪਾਸੇ ਪਿਤਾ ਉਸ ਨੂੰ ਆਪਣੀ ਬੇਟੀ ਮੰਨਣ ਤੋਂ ਇਨਕਾਰ ਕਰਦਾ ਹੈ। ਉਹ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਮਾਨ ਸਿੰਘ ਹੈ।

ਕਰੀਬ 21 ਸਾਲ ਦੀ ਹੋ ਚੁੱਕੀ ਇਸ ਕੁੜੀ ਮੁਤਾਬਕ ਕਰੀਬ 22 ਸਾਲ ਪਹਿਲਾਂ ਉਸ ਦੀ ਮਾਂ ਦਾ ਵਿਆਹ ਹੋਇਆ ਤਾਂ ਉਹ ਗੁਰਦੁਆਰੇ ਮੱਥਾ ਟੇਕਣ ਜਾਂਦੀ ਸੀ। ਇਕ ਦਿਨ ਦੋਸ਼ੀ ਨੇ ਉਸ ਦੀ ਮਾਂ ਨੂੰ ਡਰਾ ਕੇ ਉਸ ਨਾਲ ਬਲਾਤਕਾਰ ਕੀਤਾ ਸੀ ਅਤੇ ਇਸ ਤੋਂ ਬਾਅਦ ਵੀ ਉਹ ਉਸ ਨੂੰ ਬਲੈਕਮੇਲ ਕਰ ਕੇ ਲਗਾਤਾਰ ਸਬੰਧ ਬਣਾਉਂਦਾ ਰਿਹਾ ਸੀ। ਇਸ ਦੌਰਾਨ ਉਸ ਦੀ ਮਾਂ ਗਰਭਵਤੀ ਹੋ ਗਈ ਤੇ 1998 ਵਿੱਚ ਬੱਚੀ ਦਾ ਜਨਮ ਹੋਇਆ। ਇਸ ਦੇ ਬਾਅਦ ਦੋਸ਼ੀ ਉਸ ਦੀ ਮਾਂ ਨੂੰ ਕੁੱਟਮਾਰ ਕਰਦਾ ਸੀ, ਜਿਸ ਕਾਰਨ 2010 ਵਿੱਚ ਉਸ ਦੀ



ਮਾਂ ਨੇ ਥਾਣਾ ਮੇਹਰਬਾਨ ਨੂੰ ਉਸ ਦੇ ਖ਼ਿਲਾਫ਼ ਬਲਾਤਕਾਰ ਦੀ ਸ਼ਿਕਾਇਤ ਕਰ ਕੇ ਕਾਰਵਾਈ ਦੀ ਮੰਗ ਕੀਤੀ, ਪਰ ਪੁਲਿਸ ਨੇ ਸ਼ਿਕਾਇਤ ਉੱਤੇ ਕਾਰਵਾਈ ਨਹੀਂ ਕੀਤੀ। ਸਾਲ 2011 ਵਿੱਚ ਪੀੜਤ ਔਰਤ ਨੇ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਅਰਜ਼ੀ ਪੇਸ਼ ਕਰ ਕੇ ਡੀ ਐੱਨ ਏ ਟੈੱਸਟ ਕਰਾਉਣ ਦੀ ਮੰਗ ਕੀਤੀ। ਬੀ ਏ ਕਰ ਚੁੱਕੀ ਕੁੜੀ ਆਈਲੈਟਸ ਕਰਨ ਲੱਗੀ ਤਾਂ ਪਿੰਡ ਦੇ ਮੁੰਡੇ ਉਸ ਨੂੰ ਪਿਤਾ ਦੇ ਨਾਂ ਬਾਰੇ ਛੇੜਨ ਲੱਗ ਪਏ ਕਿ ਦੋਨਾਂ ਵਿਚੋਂ ਤੇਰਾ ਬਾਪ ਕੌਣ ਹੈ। ਇਸ ਤੋਂ ਪਰੇਸ਼ਾਨ ਕੁੜੀ ਨੇ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਚਿੱਠੀ ਭੇਜ ਕੇ ਮੰਗ ਚੁੱਕੀ ਕਿ ਉਸ ਨੂੰ ਉਸ ਦੇ ਪਿਤਾ ਦਾ ਨਾਂ ਦਿਵਾਉਣ ਵਿੱਚ ਮਦਦ ਕੀਤੀ ਜਾਵੇ। ਗ੍ਰਹਿ ਵਿਭਾਗ ਨੇ ਡਿਪਟੀ ਕਮਿਸ਼ਨਰ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਇਸ ਦੀ ਜਾਂਚ ਤੋਂ ਬਾਅਦ ਫੌਰੀ ਕਾਰਵਾਈ ਲਈ ਕਿਹਾ। ਪੁਲਸ ਕਮਿਸ਼ਨਰ ਨੇ ਥਾਣਾ ਮੇਹਰਬਾਨ ਦੇ ਐੱਸ ਐੱਚ ਓ ਨੂੰ ਜਾਂਚ ਸੌਂਪ ਕੇ ਸੱਤ ਦਿਨਾਂ ਵਿੱਚ ਰਿਪੋਰਟ ਮੰਗੀ। ਪੀੜਤਾ ਦਾ ਕਹਿਣਾ ਹੈ ਕਿ ਦੋ ਮਹੀਨੇ ਬਾਅਦ ਵੀ ਉਸ ਥਾਣਾ ਮੁਖੀ ਵੱਲੋਂ ਉਹ ਰਿਪੋਰਟ ਤਿਆਰ ਨਹੀਂ ਕੀਤੀ ਗਈ।

ਬਲਾਤਕਾਰ ਕੇਸ ਵਿੱਚ ਬਾਪ-ਬੱਚੇ ਦਾ ਡੀ ਐੱਨ ਏ ਟੈੱਸਟ ਕਰਾਉਣ ਦਾ ਇਹ ਪੰਜਾਬ ਹਰਿਆਣਾ ਹਾਈ ਕੋਰਟ ਦਾ ਪਹਿਲਾ ਕੇਸ ਹੈ। ਅਜਿਹਾ ਕੇਸ ਸੀਨੀਅਰ ਕਾਂਗਰਸ ਆਗੂ ਐੱਨ ਡੀ ਤਿਵਾੜੀ ਦਾ ਸੀ। ਸਾਲ 2011 ਵਿੱਚ ਦਾਇਰ ਇਸ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਪਿੱਛੋਂ ਰਾਜ ਵਿਚ ਕਾਨੂੰਨ ਬਣਾ ਦਿੱਤਾ ਗਿਆ ਸੀ, ਜਿਸ ਵਿਚ ਮਾਨ ਸਿੰਘ ਅਤੇ ਪੀੜਤ ਕੁੜੀ ਦੀ ਮਾਂ ਦਾ ਨਾਂਅ ਦਰਜ ਹੈ। ਦੋਸ਼ੀ ਮਾਨ ਸਿੰਘ ਨੇ ਸ਼ਨਿਚਰਵਾਰ ਨੂੰ ਆਪਣੇ ਸਾਥੀਆਂ ਨਾਲ ਘਰ ਵਿਚ ਵੜ ਕੇ ਉਸ ਕੁੜੀ ਤੇ ਉਸ ਦੀ ਮਾਂ ਉੱਤੇ ਬੇਸਬੈਟ ਨਾਲ ਹਮਲਾ ਕੀਤਾ ਤੇ ਘਰ ਦੀ ਤੋੜ-ਭੰਨ ਕੀਤੀ। ਦੋਵਾਂ ਨੂੰ ਜ਼ਖ਼ਮੀ ਕਰਨ ਪਿੱਛੋਂ ਉਨ੍ਹਾਂ ਨੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਤੇ ਫ਼ਰਾਰ ਹੋ ਗਏ। ਥਾਣਾ ਮੇਹਰਬਾਨ ਦੀ ਪੁਲਿਸ ਨੇ ਪਿੰਡ ਹਵਾਸ ਦੀ 21 ਸਾਲਾ ਲੜਕੀ ਦੀ ਸ਼ਿਕਾਇਤ ਉੱਤੇ ਉਸੇ ਪਿੰਡ ਦੇ ਰਹਿਣ ਵਾਲੇ ਮਾਨ ਸਿੰਘ, ਸੁਖਵਿੰਦਰ ਸਿੰਘ, ਮਨਜੀਤ ਸਿੰਘ, ਗੁਰਪ੍ਰੀਤ ਸਿੰਘ, ਕੁਲਦੀਪ ਸਿੰਘ ਤੇ ਤਜਿੰਦਰ ਸਿੰਘ ਉੱਤੇ ਕੇਸ ਦਰਜ ਕੀਤਾ ਹੈ। ਲੜਕੀ ਨੇ ਮਾਂ ਨਾਲ ਛੇੜਛਾੜ ਦੀ ਗੱਲ ਵੀ ਕਹੀ, ਪਰ ਪੁਲਿਸ ਨੇ ਸਿਰਫ਼ ਕੁੱਟਮਾਰ ਤੇ ਤੋੜ-ਭੰਨ ਦੀਆਂ ਧਾਰਾਵਾਂ ਲਾਈਆਂ। ਸੋਮਵਾਰ ਨੂੰ ਦੋਸ਼ੀ ਤੇ ਉਸ ਦੇ ਸਾਥੀ ਫਿਰ ਪੀੜਤਾ ਤੇ ਉਸ ਦੀ ਮਾਂ ਨੂੰ ਧਮਕਾਉਂਦੇ ਰਹੇ ਕਿ ਕੇਸ ਵਾਪਸ ਲੈ ਲੈਣ, ਨਹੀਂ ਤਾਂ ਗੰਭੀਰ ਸਿੱਟੇ ਭੁਗਤਣੇ ਪੈਣਗੇ। ਐੱਸ ਐੱਚ ਓ ਜਗਦੇਵ ਸਿੰਘ ਦਾ ਕਹਿਣਾ ਹੈ ਕਿ ਲੜਕੀ ਦੀ ਸ਼ਿਕਾਇਤ ਉੱਤੇ ਛੇ ਜਣਿਆਂ ਉੱਤੇ ਕੁੱਟਮਾਰ ਦਾ ਕੇਸ ਦਰਜ ਕੀਤਾ ਗਿਆ ਹੈ। ਸਾਰਿਆਂ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ।

## ਨੂੰਹ ਦੇ ਸਰਟੀਫਿਕੇਟ ਨਾ ਦੇਣ ਉੱਤੇ ਪਤੀ, ਸਹੁਰਾ ਤੇ ਨਨਾਣ ਉੱਤੇ ਕੇਸ ਦਰਜ

ਧਾਰੀਵਾਲ, 25 ਜੂਨ (ਪੋਸਟ ਬਿਊਰੋ)- ਸਹੁਰਾ ਪਰਿਵਾਰ ਵੱਲੋਂ ਆਪਣੀ ਨੂੰਹ ਦੇ ਦਸਤਾਵੇਜ ਨਾ ਦੇਣ ਕਾਰਨ ਥਾਣਾ ਧਾਰੀਵਾਲ ਦੀ ਪੁਲਿਸ ਨੇ ਤਿੰਨ ਜਣਿਆਂ ਵਿਰੁੱਧ ਕੇਸ ਦਰਜ ਕਰ ਲਿਆ।

ਪੀੜਤ ਹਰਪ੍ਰੀਤ ਕੌਰ ਪੁੱਤਰੀ ਸੁਖਜੀਤ ਸਿੰਘ ਪਿੰਡ ਬੰਦਿਆਵਾਲੀ ਨੇ ਪੁਲਿਸ ਅਧਿਕਾਰੀਆਂ ਨੂੰ ਸ਼ਿਕਾਇਤ ਦੇ ਕੇ ਇਨਸਾਫ ਦੀ ਮੰਗ ਲਈ ਕਿਹਾ ਕਿ ਉਸ ਦਾ ਵਿਆਹ ਪ੍ਰਿੰਸਪ੍ਰੀਤ ਸਿੰਘ ਵਾਸੀ ਮੋਹਣੀ ਪਾਰਕ ਅੰਮ੍ਰਿਤਸਰ ਨਾਲ ਹੋਇਆ ਸੀ ਤੇ ਉਨ੍ਹਾਂ ਦਾ ਇਕ ਬੱਚਾ ਵੀ ਹੈ। ਉਸ ਨੇ ਦੱਸਿਆ ਕਿ ਆਪਸੀ ਰਜ਼ਾਮੰਦੀ ਨਾਲ ਉਸ ਨੇ ਆਪਣਾ ਪਾਸਪੋਰਟ, ਬੀ ਐੱਸ ਸੀ ਨਰਸਿੰਗ ਦੀ ਅਸਲੀ ਡਿਗਰੀ, ਡਬਲਿਯੂ ਈ ਐੱਸ ਸਰਟੀਫਿਕੇਟ, ਜਾਬ ਐੈਕਸਪੀਰੀਐਂਸ ਸਰਟੀਫਿਕੇਟ ਦੇ ਅਸਲ ਦਸਤਾਵੇਜ ਕੈਨੇਡਾ ਜਾਣ ਲਈ ਆਪਣੇ ਸਹੁਰਾ ਪਰਿਵਾਰ ਨੂੰ ਦਿੱਤੇ ਸਨ। ਇਸ ਪਿੱਛੋਂ ਸਹੁਰਾ ਪਰਿਵਾਰ ਦੀ ਨੀਤ ਖਰਾਬ ਹੋ ਗਈ ਅਤੇ ਉਨ੍ਹਾਂ ਨੇ ਉਸ ਨੂੰ ਬਿਨਾਂ ਵਜ੍ਹਾ ਤੰਗ ਕਰਨਾ ਸ਼ੁਰੂ ਕਰ ਦਿੱਤਾ, ਜਿਸ ਵਿੱਚ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਤੀ ਦੀ ਪਹਿਲਾਂ ਸ਼ਾਦੀ ਹੋ ਚੁੱਕੀ ਸੀ ਤੇ



ਪਹਿਲੀ ਪਤਨੀ ਤੋਂ ਤਲਾਕ ਹੋ ਚੁੱਕਾ ਹੈ, ਪਰ ਇਹ ਗੱਲ ਉਸ ਤੋਂ ਲੁਕਾ ਕੇ ਰੱਖੀ ਗਈ ਸੀ। ਹਰਪ੍ਰੀਤ ਕੌਰ ਨੇ ਦੱਸਿਆ ਕਿ ਕਰੀਬ ਇਕ ਸਾਲ ਆਪਣੇ ਸਹੁਰਾ ਪਰਿਵਾਰ ਕੋਲ ਰਹਿਣ ਤੋਂ ਬਾਅਦ ਉਹ ਪੇਕੇ ਘਰ ਆ ਕੇ ਰਹਿਣ ਲੱਗ ਪਈ। ਉਸ ਨੇ ਪੁਲਿਸ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਸਹੁਰਾ ਪਰਿਵਾਰ ਤੋਂ ਉਸ ਦੇ ਅਸਲੀ ਦਸਤਾਵੇਜ ਦਿਵਾਏ ਜਾਣ। ਉੱਚ ਅਧਿਕਾਰੀਆਂ ਦੀ ਛਾਣਬੀਣ ਪਿੱਛੋਂ ਉਨ੍ਹਾਂ ਦੇ ਹੁਕਮਾਂ ਉੱਤੇ ਏ ਐੱਸ ਆਈ ਵੈਸ਼ਨੋ ਦਾਸ ਨੇ ਹਰਪ੍ਰੀਤ ਕੌਰ ਦੇ ਬਿਆਨ ਮੁਤਾਬਕ ਉਸ ਦੇ ਪਤੀ ਪ੍ਰਿੰਸਪ੍ਰੀਤ ਸਿੰਘ, ਸਹੁਰਾ ਨਿਰਲੇਪ ਸਿੰਘ ਤੇ ਨਨਾਣ ਨਵਨੀਤ ਕੌਰ ਦੇ ਵਿਰੁੱਧ ਵੱਖ ਵੱਖ ਧਾਰਾਵਾਂ ਦਾ ਕੇਸ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

### ਪੁਲਸ ਕਲੋਨੀ ਦੇ ਬਹਾਨੇ ਠੱਗੀ

## ਏ ਡੀ ਜੀ ਪੀ ਰੋਹਿਤ ਚੌਧਰੀ ਦੇ ਪੈਸੇ ਵਿਆਜ ਸਣੇ ਮੋੜਨ ਵਾਸਤੇ ਹੁਕਮ ਜਾਰੀ

ਬਠਿੰਡਾ, 25 ਜੂਨ (ਪੋਸਟ ਬਿਊਰੋ)- ਏ ਡੀ ਜੀ ਪੀ ਜੇਲ੍ਹ ਰੋਹਿਤ ਚੌਧਰੀ ਵੱਲੋਂ ਦਰਜ ਕਰਵਾਈ ਇੱਕ ਸ਼ਿਕਾਇਤ 'ਤੇ ਸੁਣਵਾਈ ਕਰਦਿਆਂ ਬਠਿੰਡਾ ਦੀ ਉਪਭੋਗਤਾ ਫੋਰਮ ਦੀ ਜੱਜ ਐੱਮ ਪੀ ਸਿੰਘ ਪਾਹਵਾ ਦੀ ਅਦਾਲਤ ਨੇ ਪੁਲਸ ਵੈਲਫੇਅਰ ਕੋਆਪਰੇਟਿਵ ਮਲਟੀਪਰਪਜ਼ ਸੁਸਾਇਟੀ ਨੂੰ ਏ ਡੀ ਜੀ ਪੀ ਚੌਧਰੀ ਵੱਲੋਂ ਮਕਾਨ ਲਈ ਜਮ੍ਹਾ ਕਰਾਏ 10 ਲੱਖ 50 ਹਜ਼ਾਰ ਰੁਪਏ 12 ਫੀਸਦੀ ਵਿਆਜ ਸਮੇਤ ਵਾਪਸ ਕਰਨ ਦੇ ਹੁਕਮ ਦਿੱਤੇ ਹਨ।

ਅਦਾਲਤ ਨੇ ਸੁਸਾਇਟੀ ਨੂੰ ਆਦੇਸ਼ ਦਿੱਤਾ ਹੈ ਕਿ ਇਸ ਫੈਸਲੇ ਦੇ ਇੱਕ ਮਹੀਨੇ 'ਚ ਸ਼ਿਕਾਇਤ ਕਰਤਾ ਨੂੰ ਇਹ ਪੈਸੇ ਦੇ ਦਿੱਤੇ ਜਾਣ। ਸ਼ਿਕਾਇਤ ਕਰਤਾ ਦੇ ਵਕੀਲ ਵਿਕਾਸ ਕੁਮਾਰ ਨੇ ਦੱਸਿਆ ਕਿ ਦਸੰਬਰ 2017 ਵਿੱਚ ਏ ਡੀ ਜੀ ਪੀ ਜੇਲ੍ਹ ਰੋਹਿਤ ਚੌਧਰੀ ਨੇ ਬਠਿੰਡਾ ਉਪਭੋਗਤਾ ਫੋਰਮ 'ਚ ਪੁਲਸ ਵੈਲਫੇਅਰ ਕੋਆਪਰੇਟਿਵ ਮਲਟੀਪਰਪਜ਼ ਸੁਸਾਇਟੀ ਦੇ ਖਿਲਾਫ ਕੇਸ ਦਰਜ ਕਰਾਇਆ ਸੀ। ਚੌਧਰੀ ਨੇ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਨੇ ਸੁਸਾਇਟੀ ਵੱਲੋਂ ਕੋਟਸ਼ਮੀਰ ਰੋਡ 'ਤੇ ਪਿੰਡ ਕਟਾਰ ਸਿੰਘ ਵਾਲਾ ਨੇੜੇ 108 ਕਿੱਲਿਆਂ ਵਿੱਚ ਬਣਾਈ ਜਾ ਰਹੀ





ਪੁਲਸ ਕਲੋਨੀ ਵਿਚਲਾ ਪਲਾਟ ਬੁੱਕ ਕਰਵਾਇਆ ਸੀ, ਜਿਸ ਲਈ ਸਾਲ 2005 ਵਿੱਚ 10 ਲੱਖ 50 ਹਜ਼ਾਰ ਰੁਪਏ ਜਮ੍ਹਾ ਕਰਵਾਏ ਸਨ। ਇਸ ਦੇ 15 ਸਾਲ ਬੀਤ ਜਾਣ ਬਾਅਦ ਵੀ ਸੁਸਾਇਟੀ ਨੇ ਉਨ੍ਹਾਂ ਨੂੰ ਜ਼ਮੀਨ ਦਾ ਕਬਜ਼ਾ ਨਹੀਂ ਦਿੱਤਾ ਤੇ ਨਾ ਪੈਸੇ ਵਾਪਸ ਕੀਤੇ। ਪੰਜਾਬ ਪੁਲਸ ਦੇ ਸੇਵਾਮੁਕਤ ਅਤੇ ਮੌਜੂਦਾ ਪੁਲਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਸਾਲ 2004-05 'ਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਟਾਰ ਸਿੰਘ ਵਾਲਾ ਵਿੱਚ 108 ਏਕੜ ਜ਼ਮੀਨ 'ਤੇ ਨਵੀਂ ਸਹਿਕਾਰੀ ਪੁਲਸ ਕਲੋਨੀ ਬਣਾਉਣ ਦਾ ਪ੍ਰੋਜੈਕਟ ਬਣਾਇਆ ਸੀ। ਇਸ ਕਲੋਨੀ ਵਿੱਚ ਪਲਾਟ ਬੁੱਕ ਕਰਾਉਣ ਲਈ ਮਾਲਵਾ ਖੇਤਰ ਦੇ 718 ਪੁਲਸ ਮੁਲਾਜ਼ਮਾਂ ਤੇ ਅਫਸਰਾਂ ਵੱਲੋਂ 24 ਕਰੋੜ ਰੁਪਏ ਜਮ੍ਹਾ ਕਰਵਾਏ ਗਏ ਤਾਂ ਸੁਸਾਇਟੀ ਦੇ ਅਹੁਦੇਦਾਰਾਂ ਨੇ 108 ਕਿੱਲੇ ਜ਼ਮੀਨ ਐਕਵਾਇਰ ਕਰ ਲਈ, ਪਰ ਬਾਅਦ ਵਿੱਚ ਸੁਸਾਇਟੀ ਦੇ ਅਹੁਦੇਦਾਰਾਂ ਨੇ ਜਮ੍ਹਾ ਕੀਤੇ ਪੈਸਿਆਂ ਦਾ ਗਬਨ ਕਰ ਲਿਆ। ਇਸ ਬਾਰੇ ਅਹੁਦੇਦਾਰਾਂ 'ਤੇ ਪਰਚਾ ਵੀ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਰਜਿਸਟਰੇਸ਼ਨ ਵਿਭਾਗ ਨੇ ਸੁਸਾਇਟੀ ਦੀ ਮਾਨਤਾ ਰੱਦ ਕਰ ਦਿੱਤੀ ਸੀ।

ਵਰਨਣ ਯੋਗ ਹੈ ਕਿ ਉਸ ਵਕਤ ਦੇ ਆਈ ਜੀ ਨੇ ਸਰਕਾਰ ਤੋਂ ਮਨਜ਼ੂਰੀ ਲਏ ਬਿਨਾਂ ਕਲੋਨੀ ਬਣਾਉਣ ਦੀ ਸਕੀਮ ਸ਼ੁਰੂ ਕੀਤੀ ਸੀ। ਇਸ ਦੇ ਤਹਿਤ ਮੁਲਾਜ਼ਮਾਂ ਨੇ ਕਰੋੜਾਂ ਰੁਪਏ ਇਕੱਠੇ ਕਰ ਕੇ ਸੁਸਾਇਟੀ ਨੂੰ ਦਿੱਤੇ, ਪਰ ਬਾਅਦ ਵਿੱਚ ਨਾ ਪੈਸੇ ਮਿਲੇ ਤੇ ਨਾ ਪਲਾਟ। ਇਸ ਬਾਰੇ ਪੁਲਸ ਮੁਲਾਜ਼ਮਾਂ ਨੇ ਹਾਈ ਕੋਰਟ ਨੂੰ ਅਪੀਲ ਕਰ ਕੇ ਘਪਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਇਸ ਉਤੇ ਅਦਾਲਤ ਨੇ ਇੱਕ ਐੱਸ ਆਈ ਟੀ ਬਣਾਈ ਸੀ, ਜਿਸ ਵਿੱਚ ਏ ਡੀ ਜੀ ਪੀ, ਆਈ ਜੀ ਅਤੇ ਐੱਸ ਐੱਸ ਪੀ ਸ਼ਾਮਲ ਸਨ। ਐੱਸ ਆਈ ਟੀ ਨੇ ਆਪਣੀ ਜਾਂਚ ਤੋਂ ਬਾਅਦ ਸੇਵਾਮੁਕਤ ਏ ਡੀ ਜੀ ਪੀ ਅਤੇ ਉਸ ਸਮੇਂ ਦੀ ਕਮੇਟੀ ਦੇ ਖਿਲਾਫ ਅਪ੍ਰੈਲ 2015 ਵਿੱਚ ਧੋਖਾਧੜੀ ਦਾ ਪਰਚਾ ਦਰਜ ਕਰਵਾਇਆ ਸੀ।

## ਸੋਸ਼ਲ ਮੀਡੀਆ ਉੱਤੇ ਸੱਸ, ਸਾਲੀ ਦੀਆਂ ਫੋਟੋ ਨਾਲ ਗਲਤ ਸ਼ਬਦ ਲਿਖਣ ਵਾਲੇ ਵਿਰੁੱਧ ਕੇਸ ਦਰਜ

ਲੁਧਿਆਣਾ, 25 ਜੂਨ (ਪੋਸਟ ਬਿਊਰੋ)- ਇੱਕ ਨੌਜਵਾਨ ਨੇ ਵਿਆਹ ਦੇ ਕੁਝ ਦਿਨਾਂ ਪਿੱਛੋਂ ਆਪਣੀ ਸਾਲੀ ਤੇ ਸੱਸ ਦੀਆਂ ਤਸਵੀਰਾਂ ਉਪਰ ਅਸ਼ਲੀਲ ਸ਼ਬਦ ਲਿਖ ਕੇ ਉਨ੍ਹਾਂ ਨੂੰ ਸੋਸ਼ਲ ਮੀਡੀਆ ਉਤੇ ਅਪਲੋਡ ਕਰ ਦਿੱਤਾ। ਇਸ ਕੇਸ ਵਿੱਚ ਥਾਣਾ ਡਾਬਾ ਦੀ ਪੁਲਸ ਨੇ ਵਿਆਹੁਤਾ ਦੇ ਬਿਆਨਾਂ 'ਤੇ ਉਸ ਦੇ ਪਤੀ ਹਰਜਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਦੀ ਇੱਕ ਮਹਿਲਾ ਰਿਸ਼ਤੇਦਾਰ ਸੋਨਾਲੀ ਦੇ ਵਿਰੁੱਧ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਮੁਹੱਲਾ ਆਦਰਸ਼ ਕਲੋਨੀ ਦੀ ਵਾਸੀ ਵਿਆਹੁਤਾ ਔਰਤ ਨੇ ਥਾਣਾ ਡਾਬਾ ਦੀ ਪੁਲਸ ਨੂੰ ਦੱਸਿਆ ਕਿ 14 ਜੁਲਾਈ 2017 ਨੂੰ ਉਸ ਦਾ ਵਿਆਹ ਪਿੰਡ ਢੋਲਣਵਾਲ ਦੇ ਹਰਜਿੰਦਰ ਸਿੰਘ ਨਾਲ ਹੋਇਆ ਸੀ। ਦੋ ਦਿਨ ਬਾਅਦ ਹਰਜਿੰਦਰ ਸਿੰਘ ਰੂਸ ਚਲਾ ਗਿਆ। ਉਸ ਦੀ ਗੈਰ ਮੌਜੂਦਗੀ ਵਿੱਚ ਬਾਕੀ ਪਰਵਾਰ ਨੇ ਵਿਆਹੁਤਾ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਉਹ ਪੇਕੇ ਚਲੀ ਗਈ। ਔਰਤ ਨੇ ਦੱਸਿਆ ਕਿ ਜਿਸ



ਤੋਂ ਬਾਅਦ ਉਸ ਦੇ ਪਤੀ ਨੇ ਆਪਣੇ ਬਾਕੀ ਰਿਸ਼ਤੇਦਾਰਾਂ ਨਾਲ ਸਲਾਹ ਕਰ ਕੇ ਉਸ ਦੀ ਮਾਤਾ ਅਤੇ ਭੈਣ ਦੀਆਂ ਫੋਟੋਆਂ ਉਤੇ ਗਲਤ ਸ਼ਬਦ ਲਿਖ ਕੇ ਇਸ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤਾ, ਜਿਸ ਕਾਰਨ ਉਸ ਦੇ ਪਰਵਾਰ ਦੀ ਬਦਨਾਮੀ ਹੋ ਗਈ। ਵਿਆਹੁਤਾ ਨੇ ਇਸ ਬਾਰੇ ਦਸੰਬਰ 2018 ਵਿੱਚ ਪੁਲਸ ਦੇ ਉਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਤੇ ਲੰਮੀ ਜਾਂਚ ਤੋਂ ਬਾਅਦ ਥਾਣਾ ਡਾਬਾ ਦੀ ਪੁਲਸ ਨੇ ਹਰਜਿੰਦਰ ਸਿੰਘ ਤੇ ਸੋਨਾਲੀ ਦੇ ਵਿਰੁੱਧ ਕੇਸ ਦਰਜ ਕਰ ਕੇ ਦੋਵਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਇਸ ਕੇਸ ਦੇ ਤਫਤੀਸ਼ੀ ਅਫਸਰ ਬਚਨ ਸਿੰਘ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

# ਨਾਬਾਲਗ ਦੇ ਵਿਆਹ ਕਰਾਉਣ ਉਤੇ ਸਰਕਾਰ ਸੁਰੱਖਿਆ ਦੇਣ ਤੋਂ ਨਾਂਹ ਨਹੀਂ ਕਰ ਸਕਦੀ


ਚੰਡੀਗੜ੍ਹ, 25 ਜੂਨ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਸਾਫ ਕਿਹਾ ਹੈ ਕਿ ਵਿਆਹ ਦਾ ਕਾਨੂੰਨੀ ਤੌਰ 'ਤੇ ਜਾਇਜ਼ ਨਾ ਹੋਣਾ ਜਾਂ ਵਿਆਹ ਨਾ ਹੋਇਆ ਹੋਣਾ ਨਾਗਰਿਕਾਂ ਨੂੰ ਸੁਰੱਖਿਆ ਦੇਣ ਤੋਂ ਨਾਂਹ ਕਰਨ ਦਾ ਆਧਾਰ ਨਹੀਂ ਬਣ ਸਕਦਾ, ਸਰਕਾਰ ਦਾ ਫਰਜ਼ ਹੈ ਕਿ ਉਹ ਹਰ ਨਾਗਰਿਕ ਦੀ ਜ਼ਿੰਦਗੀ ਤੇ ਆਜ਼ਾਦੀ ਦੀ ਰਾਖੀ ਕਰੇ।

ਜਸਟਿਸ ਅਰੁਣ ਮੋਂਗਾ ਨੇ ਕਿਹਾ ਕਿ ਹਿੰਦੂ ਮੈਰਿਜ ਐਕਟ ਹੇਠ ਵਿਆਹ ਦੇ ਕਾਨੂੰਨੀ ਤੌਰ 'ਤੇ ਜਾਇਜ਼ ਹੋਣ ਲਈ ਬੇਸ਼ੱਕ ਲੜਕੇ ਦਾ 21 ਸਾਲ ਤੇ ਲੜਕੀ ਦਾ 18 ਸਾਲ ਦਾ ਹੋਣਾ ਲਾਜ਼ਮੀ ਹੈ, ਪਰ ਇਹ ਸੁਰੱਖਿਆ ਤੋਂ ਮੁੱਕਰਨ ਦਾ ਕਾਰਨ ਨਹੀਂ ਹੋ ਸਕਦਾ। ਉਨ੍ਹਾਂ ਨੇ ਦਿੱਲੀ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਦੇ ਇੱਕ ਫੈਸਲੇ ਦਾ ਹਵਾਲਾ ਦਿੰਦਿਆਂ ਕਿਹਾ




ਕਿ ਹਿੰਦੂ ਮੈਰਿਜ ਐਕਟ ਦੀ ਧਾਰਾ 11 ਦੀ ਸਮੀਖਿਆ ਨਾਲ ਕੁਝ ਹੋਰ ਤੱਥ ਵੀ ਪਤਾ ਲੱਗਦੇ ਹਨ। ਅਦਾਲਤ ਦਾ ਇਹ ਫੈਸਲਾ ਘਰ ਵਾਲਿਆਂ ਦੀ ਮਰਜ਼ੀ ਖਿਲਾਫ ਵਿਆਹ ਕਰਾਉਣ ਵਾਲੇ ਇੱਕ ਜੋੜੇ ਦੀ ਪਟੀਸ਼ਨ 'ਤੇ ਆਇਆ ਹੈ। ਇਸ ਜੋੜੇ ਨੇ ਪਟੀਸ਼ਨ ਵਿੱਚ ਕਿਹਾ ਹੈ ਕਿ ਉਹ ਇੱਕ ਦੂਜੇ ਨੂੰ ਪਸੰਦ ਕਰਦੇ ਹਨ ਤੇ ਵਿਆਹ ਕਰਾਇਆ ਹੈ। ਅਦਾਲਤ ਨੇ ਦੇਖਿਆ ਕਿ ਲੜਕੇ ਦੀ ਉਮਰ 20 ਸਾਲ ਨੌਂ ਮਹੀਨੇ ਤੇ ਲੜਕੀ ਦੀ 19 ਸਾਲ ਤੋਂ ਥੋੜ੍ਹੀ ਵੱਧ ਹੈ। ਕੋਰਟ ਨੇ ਕਿਹਾ ਕਿ ਇਹ ਮਸਲਾ ਪਟੀਸ਼ਨਰ ਦੇ ਵਿਆਹ ਦਾ ਨਹੀਂ, ਰਾਜ ਸਰਕਾਰ ਵੱਲ ਬਣਦੀ ਜ਼ਿੰਦਗੀ ਦੀ ਰਾਖੀ ਦੀ ਜ਼ਿੰਮੇਵਾਰੀ ਅਤੇ ਆਜ਼ਾਦੀ ਦਾ ਹੈ। ਜਸਟਿਸ ਮੋਂਗਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਕਹਿਣ ਵਿੱਚ ਝਿਜਕ ਨਹੀਂ ਕਿ ਇਹ ਧਾਰਾ 21 ਹੇਠ ਸੰਵਿਧਾਨਕ ਹੱਕਾਂ ਦਾ ਮਸਲਾ ਹੈ। ਕਿਸੇ ਵੀ ਹਾਲਤ ਵਿੱਚ ਇਨ੍ਹਾਂ ਦੀ ਮਰਿਆਦਾ ਕਾਇਮ ਰਹਿਣੀ ਚਾਹੀਦੀ ਹੈ, ਚਾਹੇ ਵਿਆਹ ਜਾਇਜ਼ ਹੋਵੇ ਜਾਂ ਨਾ ਜਾਇਜ਼ ਹੋਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਨਾਗਰਿਕ ਭਾਵੇਂ ਬਾਲਗ ਹੋਵੇ ਜਾਂ ਨਾਬਾਲਗ, ਹੱਕ ਸਭਨਾਂ ਨੂੰ ਬਰਾਬਰ ਹਨ। ਸਿਰਫ ਇਹ ਤੱਥ ਕਿ ਲੜਕਾ ਵਿਆਹ ਵਾਲੀ ਉਮਰ ਤੱਕ ਨਹੀਂ ਅਪੜਿਆ, ਉਸ ਨੂੰ ਉਸ ਦੇ ਸੰਵਿਧਾਨਕ ਹੱਕ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਅਦਾਲਤ ਨੇ ਫਾਜ਼ਿਲਕਾ ਦੇ ਐੱਸ ਐੱਸ ਪੀ ਨੂੰ ਪਟੀਸ਼ਨ ਦੇ ਤੱਥਾਂ ਦੀ ਜਾਂਚ ਕਰ ਕੇ ਜਿਸ ਦੀ ਜਾਨ ਨੂੰ ਖਤਰੇ ਦਾ ਜ਼ਿਕਰ ਕੀਤਾ ਗਿਆ ਹੈ, ਉਸ ਨੂੰ ਲੋੜੀਂਦੀ ਸੁਰੱਖਿਆ ਦੇਣ ਦੇ ਹੁਕਮ ਦਿੱਤੇ ਹਨ।

A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
■ July 02 (Tuesday) 1st Batch
■ July 08(Monday) 2nd Batch
■ July 15 (Monday) 3rd Batch
■ July 22(Monday) 4th Batch
Starting from $50* /week (JK)
*Charges may vary according to the grade



Mrs. Manmeet Bhullar, OCT
M..Sc. (Physics), B.Ed.
(Certified Teacher of Math & Science)

- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*



Mr. Pushpinder Bhullar
M.A.Sc. (Mechanical Engg.)
(Graduate of Ryerson University, Toronto)

Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516



## ਓ ਬੀ ਸੀ ਵਾਲੀ ਕਰੀਮੀ ਲੇਅਰ ਦਾ ਘੇਰਾ ਵਧਾਉਣ ਦੀ ਸਿਫਾਰਸ਼

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਪਿਛੜਾ ਵਰਗ (ਓ ਬੀ ਸੀ) ਦੇ ਵਿਕਾਸ ਲਈ ਗਠਿਤ ਕਮੇਟੀ ਨੇ ਕਰੀਮੀ ਲੇਅਰ ਦੇ ਆਮਦਨ ਦੇ ਘੇਰੇ ਨੂੰ ਇੱਕ ਨਿਸ਼ਚਿਤ ਸਮੇਂ ਨਾਲ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਕਮੇਟੀ ਨੇ ਸਰਕਾਰ ਨੂੰ ਇਸ ਬਾਰੇ ਇੱਕ ਰਿਪੋਰਟ ਦਿੱਤੀ ਹੈ, ਜੋ ਕੱਲ੍ਹ ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ ਪੇਸ਼ ਕੀਤੀ ਗਈ।

ਆਪਣੀ ਸਿਫਾਰਸ਼ ਵਿੱਚ ਇਸ ਕਮੇਟੀ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਸਿਖਿਆ, ਸਿਹਤ ਤੇ ਟਰਾਂਸਪੋਰਟ ਦੇ ਖਰਚ ਵਿੱਚ ਵਾਧਾ ਹੋ ਰਿਹਾ ਹੈ, ਅਜਿਹੇ ਹਾਲਾਤ ਵਿੱਚ ਕਰੀਮੀ ਲੇਅਰ ਦੇ ਆਮਦਨ ਦੇ ਦਾਇਰੇ ਵਿੱਚ ਵਾਧਾ ਜ਼ਰੂਰੀ ਹੈ। ਮੌਜੂਦਾ ਸਮੇਂ ਵਿੱਚ ਓ ਬੀ ਸੀ ਕਰੀਮੀ ਲੇਅਰ ਦਾ ਦਾਇਰਾ ਸਾਲਾਨਾ ਅੱਠ ਲੱਖ ਰੁਪਏ ਹੈ ਅਤੇ ਯਾਨੀ ਇਸ ਤੋਂ ਵੱਧ ਆਮਦਨ ਵਾਲੇ ਲੋਕ ਕਰੀਮੀ ਲੇਅਰ ਵਿੱਚ ਗਿਣੇ ਜਾਂਦੇ ਹਨ। ਕਮੇਟੀ ਨੇ ਆਪਣੀ ਸਿਫਾਰਸ਼ ਵਿੱਚ ਓ ਬੀ ਸੀ ਰਾਖਵਾਂਕਰਣ ਦੇ ਲਈ ਨਾਨ-ਕਰੀਮੀ ਲੇਅਰ ਸਰਟੀਫਿਕੇਟ ਜਾਰੀ ਕਰਨ ਦੀ ਸਿਫਾਰਸ਼ 'ਤੇ ਅਮਲ ਨਾ ਹੋਣ ਉੱਤੇ ਨਾਰਾਜ਼ਗੀ ਪੇਸ਼ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਇਹ ਸਰਟੀਫਿਕੇਟ ਜਾਰੀ ਕਰਨ ਦੀ ਸਹਿਮਤੀ 1993 ਵਿੱਚ ਦਿੱਤੇ ਨਿਰਦੇਸ਼ਾਂ ਵਿੱਚ ਹੀ ਦਿੱਤੀ ਗਈ ਸੀ, ਪਰ ਹਾਲੇ ਤੱਕ ਇਸ 'ਤੇ ਅਮਲ ਨਹੀਂ ਹੋ ਸਕਿਆ। ਕਮੇਟੀ ਨੇ ਇਸ ਦੇ ਲਈ ਸਮਾਜਕ ਨਿਆਂ ਤੇ ਅਧਿਕਾਰਤਾ ਮੰਤਰਾਲੇ ਅਤੇ ਅਮਲਾ ਅਤੇ ਸਿਖਲਾਈ ਵਿਭਾਗ ਨੂੰ ਲੋੜੀਂਦੇ ਉਪਾਅ ਕਰਨ ਨੂੰ ਕਿਹਾ ਹੈ।

ਇਸ ਕਮੇਟੀ ਨੇ ਓ ਬੀ ਸੀ ਨੂੰ ਅੱਗੇ ਵਧਾਉਣ ਦੇ ਹੋਰ ਵੀ ਸੁਝਾਅ ਦਿੱਤੇ ਹਨ। ਇਨ੍ਹਾਂ ਵਿੱਚ ਸਭ ਤੋਂ ਵੱਡਾ ਸੁਝਾਅ ਕਰੀਮੀ ਲੇਅਰ ਦੇ ਆਮਦਨ ਦੇ ਘੇਰੇ ਨੂੰ ਵਧਾਉਣ ਦਾ ਹੈ। ਕਰੀਮੀ ਲੇਅਰ ਘੇਰੇ ਦੀ ਹੱਦ 1993 ਵਿੱਚ ਪਹਿਲੀ ਵਾਰ ਮਿਥੀ ਗਈ ਸੀ। ਉਸ ਸਮੇਂ ਇੱਕ ਲੱਖ ਰੁਪਏ ਸਾਲਾਨਾ ਆਮਦਨ ਤੋਂ ਵੱਧ ਨੂੰ ਇਸ ਘੇਰੇ ਵਿੱਚ ਰੱਖਿਆ ਗਿਆ ਸੀ। ਓ ਬੀ ਸੀ ਵਿੱਚ ਕਰੀਮੀ ਲੇਅਰ ਦਾ ਇਹ ਫਾਰਮੂਲਾ ਸਰਕਾਰ ਨੇ ਕੋਰਟ ਦੇ ਹੁਕਮ 'ਤੇ ਬਣਾਇਆ ਹੈ। ਇਸ ਦਾ ਮੁੱਖ ਮਕਸਦ ਓ ਬੀ ਸੀ ਰਾਖਵਾਂਕਰਨ ਦਾ ਲਾਭ ਸਹੀ ਲੋਕਾਂ ਨੂੰ ਦੇਣਾ ਹੈ।

### ਭਾਜਪਾ ਨੇਤਾ ਦਾ ਦਬੰਗਪੁਣਾ:

## ਹੋਮਗਾਰਡ ਨੇ ਰੋਕਿਆ ਤਾਂ ਥੱਪੜ ਮਾਰਿਆ, ਬੋਨਟ ਉਤੇ ਚੜ੍ਹੇ ਨੂੰ 300 ਮੀਟਰ ਘੜੀਸਿਆ

ਰੇਵਾੜੀ, 25 ਜੂਨ (ਪੋਸਟ ਬਿਊਰੋ)- ਹਰਿਆਣਾ ਦੇ ਰੇਵਾੜੀ ਵਿੱਚ ਭਾਜਪਾ ਨੇਤਾ ਦੀ ਕਾਰ ਨੂੰ ਹੋਮਗਾਰਡ ਜਵਾਨ ਨੇ ਰੋਕਿਆ ਤਾਂ ਉਸ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਇਹ ਕਾਰ ਗਲਤ ਸਾਈਡ ਤੋਂ ਜਾ ਰਹੀ ਸੀ। ਕਾਰ ਨੂੰ ਰੋਕਦੇ ਹੋਏ ਹੋਮਗਾਰਡ ਜਵਾਨ ਬੋਨਟ 'ਤੇ ਆ ਡਿੱਗਿਆ, ਪਰ ਕਾਰ ਰੋਕਣ ਦੇ ਬਜਾਏ ਡਰਾਈਵਰ ਅੱਗੇ ਚੱਲ ਪਿਆ। ਇਸ ਦੌਰਾਨ 300 ਮੀਟਰ ਤੱਕ ਹੋਮਗਾਰਡ ਜਵਾਨ ਬੋਨਟ 'ਤੇ ਹੀ ਲਟਕਿਆ ਰਿਹਾ।



ਬੀਤੇ ਐਤਵਾਰ ਰੇਵਾੜੀ ਵਿੱਚ ਭਾਜਪਾ ਆਗੂ ਸਤੀਸ਼ ਖੋੜਾ ਦੀ ਕਾਰ ਸੜਕ 'ਤੇ ਗਲਤ ਦਿਸ਼ਾ ਵਿੱਚ ਜਾ ਰਹੀ ਸੀ। ਇਸ ਦੌਰਾਨ ਓਥੇ ਮੌਜੂਦ ਹੋਮਗਾਰਡ ਨੇ ਕਾਰ ਰੋਕਣੀ ਚਾਹੀ ਤਾਂ ਡਰਾਈਵਰ ਨੇ ਕਿਹਾ ਕਿ ਇਹ ਖੋੜਾ ਦੀ ਕਾਰ ਹੈ। ਇਸ ਮੌਕੇ ਸਤੀਸ਼ ਖੋੜਾ ਨੇ ਹੋਮਗਾਰਡ ਨੂੰ ਥੱਪੜ ਵੀ ਮਾਰਿਆ। ਇਸ ਦੇ ਬਾਅਦ ਡਰਾਈਵਰ ਨੇ ਕਾਰ ਅੱਗੇ ਵਧਾ ਦਿੱਤੀ। ਇਸ ਦੌਰਾਨ ਹੋਮਗਾਰਡ ਜਵਾਨ ਕਾਰ ਦੇ ਸਾਹ-ਮਣੇ ਖੜ੍ਹਾ ਸੀ। ਕਾਰ ਚੱਲਣ ਲੱਗੀ ਤਾਂ ਹੋਮਗਾਰਡ ਕਾਰ ਦੀ ਬੋਨਟ ਉਤੇ ਲਟਕ ਗਿਆ, ਪਰ ਡਰਾਈਵਰ ਕਾਰ ਚਲਾਉਂਦਾ ਹੀ ਰਿਹਾ। ਆਖਰ ਜਦ ਕਾਰ ਰੁਕੀ ਤਾਂ ਹੰਗਾਮਾ ਹੋ ਗਿਆ। ਇਸ ਮਾਮਲੇ ਵਿੱਚ ਹੋਮਗਾਰਡ ਜਵਾਨ ਨੇ ਕਿਹਾ, ਮੈਂ ਕਾਰ ਰੋਕਣੀ ਚਾਹੀ, ਪ੍ਰੰਤੂ ਡਰਾਈਵਰ ਨੇ ਕਿਹਾ ਕਿ ਇਹ ਖੋੜਾ ਦੀ ਕਾਰ ਹੈ। ਮੈਂ ਕਿਹਾ ਕਿ ਤੁਹਾਡੀ ਕਾਰ ਗਲਤ ਸਾਈਡ ਵਿੱਚ ਸੀ ਤਾਂ ਖੋੜਾ ਨੇ ਮੈਨੂੰ ਥੱਪੜ ਮਾਰਿਆ। ਪੁਲਸ ਦਾ ਕਹਿਣਾ ਹੈ ਕਿ ਗਲਤੀ ਚਾਹੇ ਜਿਸ ਕਿਸੇ ਦੀ ਹੋਵੇ, ਕਾਰਵਾਈ ਹੋਵੇਗੀ, ਕਾਨੂੰਨ ਨੂੰ ਹੱਥ ਵਿੱਚ ਲੈਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਮਿਲ ਸਕਦੀ। ਕਈ ਲੋਕਾਂ ਨੇ ਇਸ ਘਟਨਾ ਦਾ ਵੀਡੀਓ ਵੀ ਬਣਾ ਲਿਆ ਹੈ। ਸੋਸ਼ਲ ਮੀਡੀਆ 'ਤੇ ਲੋਕ ਇਸ ਵੀਡੀਓ ਨੂੰ ਸਰਚ ਕਰ ਰਹੇ ਹਨ।

## ਭਾਰਤੀ ਲੋਕਾਂ ਨੇ ਵਿਦੇਸ਼ ਵਿੱਚ 15 ਤੋਂ 34 ਲੱਖ ਕਰੋੜ ਤੱਕ ਅਣ-ਐਲਾਨੀ ਜਾਇਦਾਦ ਬਣਾਈ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਸਾਲ 1998 ਤੋਂ 2010 ਦਰਮਿਆਨ ਭਾਰਤੀ ਲੋਕਾਂ ਨੇ ਦੇਸ਼ ਤੋਂ ਬਾਹਰ 15 ਲੱਖ ਕਰੋੜ ਰੁਪਏ ਤੋਂ 34 ਲੱਖ ਕਰੋੜ ਰੁਪਏ ਤੱਕ ਦੀ ਅਣ-ਐਲਾਨੀ ਜਾਇਦਾਦ ਜਮ੍ਹਾ ਕੀਤੀ ਹੈ।

ਇਸ ਬਾਰੇ ਤਿੰਨ ਵੱਕਾਰੀ ਸੰਸਥਾਵਾਂ ਐੱਨ ਆਈ ਪੀ ਐੱਫ ਪੀ ਏ, ਐੱਨ ਸੀ ਏ ਆਈ ਆਰ ਅਤੇ ਐੱਨ ਆਈ ਐੱਫ ਐੱਮ ਵਲੋਂ ਵੱਖ-ਵੱਖ ਕੀਤੇ ਅਧਿਐਨਾਂ ਦੇ ਅੰਕੜੇ ਮਿਲੇ ਹਨ। ਲੋਕ ਸਭਾ ਵਿਚ ਇਸ ਦੇ ਹਵਾਲੇ ਨਾਲ ਸੋਮਵਾਰ ਨੂੰ ਰਿਪੋਰਟ ਪੇਸ਼ ਹੋਈ ਸੀ। ਇਨ੍ਹਾਂ ਵਿਚ ਉਨ੍ਹਾਂ ਖੇਤਰਾਂ ਦੇ ਨਾਂ ਹਨ, ਜਿਨ੍ਹਾਂ ਤੋਂ ਵੱਧ ਅਣ-ਐਲਾਨੀ ਜਾਇਦਾਦ ਜੁੜੀ ਹੈ। ਇਨ੍ਹਾਂ ਵਿਚ ਮੁੱਖ ਤੌਰ ਉੱਤੇ ਰੀਅਲ ਅਸਟੇਟ, ਮਾਈਨਿੰਗ, ਫਾਰਮਾਸਿਊਟੀਕਲ, ਪਾਨ ਮਸਾਲਾ, ਗੁਟਖਾ, ਤੰਬਾਕੂ, ਬੁਲਿਅਨ, ਕਮੋਡਿਟੀ, ਫਿਲਮ ਤੇ ਐਜੂਕੇਸ਼ਨ ਸ਼ਾਮਲ ਹਨ। ਕਮੇਟੀ ਰਿਪੋਰਟ ਮੁਤਾ-ਬਕ ਬਲੈਕ ਮਨੀ ਪੈਦਾ ਹੋਣ ਜਾਂ ਜਮ੍ਹਾ ਹੋਣ ਦਾ ਨਾ ਕੋਈ ਪੱਕਾ ਅੰਦਾਜ਼ਾ ਹੈ ਤੇ ਨਾ ਏਦਾਂ ਦੇ ਅੰਦਾਜ਼ੇ ਦਾ ਕੋਈ ਪੱਕਾ ਤਰੀਕਾ ਹੈ। ਹਾਲੇ ਸਾਹਮਣੇ ਆਏ ਅੰਦਾਜ਼ਿਆਂ ਵਿਚ ਇਸ ਉਦੇਸ਼ ਲਈ ਵਰਤੀ ਗਈ ਸਰਵੋਤਮ ਮੈਥਡਾਲੋਜੀ ਜਾਂ ਦ੍ਰਿਸ਼ਟੀਕੋਣ ਬਾਰੇ ਸਹਿਮਤੀ ਨਹੀਂ ਹੈ। ਪਾਰਲੀਮੈਂਟਰੀ ਪੈਨਲ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਲੱਗਦਾ ਹੈ ਕਿ ਅਣਐਲਾਨੀ ਆਮਦਨ ਤੇ ਜਾਇਦਾਦ ਦਾ ਪੱਕਾ ਅੰਦਾਜ਼ਾ ਲਾਉਣਾ ਕਾਫੀ ਔਖਾ ਹੈ। ਮੁੱਖ ਆਰਥਿਕ ਸਲਾਹਕਾਰ ਦੀ ਰਾਏ ਵਿਚ ਇਕ ਸਾਂਝਾ ਅੰਦਾਜ਼ਾ ਲਾਉਣਾ ਬਿਲਕੁਲ ਵੀ ਸੰਭਵ ਨਹੀਂ।



ਐੱਮ. ਵੀਰੱਪਾ ਮੋਇਲੀ ਦੀ ਪ੍ਰਧਾਨਗੀ ਵਾਲੇ ਇਸ ਪੈਨਲ ਨੇ ਪਿਛਲੀ ਲੋਕ ਸਭਾ ਭੰਗ ਹੋਣ ਤੋਂ ਪਹਿਲਾਂ 28 ਮਾਰਚ ਨੂੰ ਆਪਣੀ ਰਿਪੋਰਟ ਲੋਕ ਸਭਾ ਨੂੰ ਦਿੱਤੀ ਸੀ, ਜਿਸ ਮੁਤਾਬਕ ਨੈਸ਼ਨਲ ਕੌਂਸਲ ਆਫ ਅਪਲਾਈਡ ਇਕਨਾਮਿਕ ਰਿਸਰਚ ਦੇ ਅਧਿਐਨ ਵਿਚ ਕਿਹਾ ਗਿਆ ਕਿ 1980-2010 ਵਿੱਚ ਦੇਸ਼ ਤੋਂ ਬਾਹਰ 384 ਅਰਬ ਤੋਂ 490 ਅਰਬ ਡਾਲਰ ਤੱਕ ਅਣ-ਐਲਾਨੀ ਜਾਇਦਾਦ ਜਮ੍ਹਾ ਹੋ ਸਕਦੀ ਹੈ। ਨੈਸ਼ਨਲ ਇੰਸਟੀਚਿਊਟ ਆਫ ਫਾਈਨਾਂਸ਼ੀਅਲ ਮੈਨੇਜਮੈਂਟ ਨੇ ਕਿਹਾ ਕਿ ਰਿਫਾਰਮ ਪੀਰੀਅਡ (1990-2008) ਵੇਲੇ ਦੇਸ਼ ਤੋਂ ਕਰੀਬ 216.48 ਅਰਬ ਡਾਲਰ ਨਾਜਾਇਜ਼ ਜਾਇਦਾਦ ਵਿਦੇਸ਼ ਵਿਚ ਜਾਣ ਦਾ ਅੰਦਾਜ਼ਾ ਹੈ। ਨੈਸ਼ਨਲ ਇੰਸਟੀਚਿਊਟ ਆਫ ਪਬਲਿਕ ਪਾਲਿਸੀ ਐਂਡ ਫਾਈਨਾਂਸ ਨੇ ਕਿਹਾ ਕਿ 1997 ਤੋਂ 2009 ਵਿੱਚ ਨਾਜਾਇਜ਼ ਫੰਡ ਦਾ ਆਊਟ ਫਲੋਅ ਜੀ ਡੀ ਪੀ ਮੁਕਾਬਲੇ 0.2 ਫੀਸਦੀ ਤੋਂ 7.4 ਫੀਸਦੀ ਵਿਚਾਲੇ ਹੋਵੇਗਾ।

## ਹਰਿਆਣਾ ਦੇ ਮੰਤਰੀ ਦੀ ਬੈਠਕ, ਭਾਜਪਾ ਵਿਧਾਇਕ ਦਾ ਹੰਗਾਮਾ

### * ਪੁਲਿਸ ਦੇ ਖ਼ਿਲਾਫ਼ ਨਾਅਰੇਬਾਜ਼ੀ ਹੁੰਦੀ ਰਹੀ

ਅੰਬਾਲਾ, 25 ਜੂਨ (ਪੋਸਟ ਬਿਊਰੋ)- ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਲਈ ਭਾਜਪਾ ਵਿਧਾਇਕ ਮੁਸੀਬਤ ਬਣਿਆ ਪਿਆ ਹੈ। ਉਸ ਨੇ ਹਰਿਆਣਾ ਪੁਲਿਸ ਦੇ ਖਿਲਾਫ ਮੋਰਚਾ ਖੋਲ੍ਹ ਰੱਖਿਆ ਹੈ।

ਕੱਲ੍ਹ ਏਥੇ ਆਵਾਜਾਈ ਮੰਤਰੀ ਕਿਸ਼ਨ ਲਾਲ ਪੰਵਾਰ ਦੀ ਮੀਟਿੰਗ ਮੌਕੇ ਇਕ ਭਾਜਪਾ ਵਿਧਾਇਕ ਨੇ ਹੰਗਾਮਾ ਕੀਤਾ ਤੇ ਮੰਤਰੀ ਦੀ ਹਾਜ਼ਰੀ ਦੇ ਬਾਵਜੂਦ ਹਰਿਆਣਾ ਪੁਲਿਸ ਦੇ ਵਿਰੁੱਧ ਨਾਰਾਜ਼ਗੀ ਵਿੱਚ ਹਾਏ-ਹਾਏ ਦਾ ਨਾਅਰੇ ਲਾਏ। ਅਸਲ ਵਿੱਚ ਅੰਬਾਲਾ ਵਿੱਚ ਆਵਾਜਾਈ ਮੰਤਰੀ ਕਿਸ਼ਨ ਲਾਲ ਪੰਵਾਰ ਜ਼ਿਲਾ ਪਬਲਿਕ ਰਿਲੇਸ਼ਨ ਤੇ ਸ਼ਿਕਾਇਤ ਨਿਵਾਰਨ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕਰ ਰਹੇ ਸਨ। ਬੈਠਕ ਵਿੱਚ ਅੰਬਾਲਾ ਦੇ ਭਾਜਪਾ ਵਿਧਾਇਕ ਅਸੀਮ ਗੋਇਲ ਵੀ ਸਨ। ਉਨ੍ਹਾਂ ਨੇ ਹਰਿਆਣਾ ਪੁਲਿਸ ਦੀ ਕਾਰਜਸ਼ੈਲੀ ਬਾਰੇ ਪਹਿਲਾਂ ਸਵਾਲ ਖੜ੍ਹੇ ਕੀਤੇ, ਫਿਰ ਬਹਿਸ ਹੋਣ ਪਿੱਛੋਂ ਹੰਗਾਮਾ ਸ਼ੁਰੂ ਕਰ ਦਿੱਤਾ ਤੇ ਹਰਿਆਣਾ ਪੁਲਿਸ ਦੇ ਖਿਲਾਫ ਨਾਅਰੇਬਾਜ਼ੀ ਕਰਦਿਆਂ ਹਾਏ-ਹਾਏ ਦੇ ਨਾਅਰੇ ਲਾਏ।

ਵਰਨਣ ਯੋਗ ਹੈ ਕਿ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਹੈ ਤੇ ਏਥੇ ਮਨੋਹਰ ਖੱਟੜ ਮੁੱਖ ਮੰਤਰੀ ਹਨ। ਆਪਣੀ ਸਰਕਾਰ ਦੇ ਬਾਵਜੂਦ ਭਾਜਪਾ ਵਿਧਾਇਕ ਵੱਲੋਂ ਪੂਰੇ ਰਾਜ ਵਿੱਚ ਪੁਲਿਸ ਉੱਤੇ ਸਵਾਲ ਖੜ੍ਹੇ ਕਰਨ ਦੇ ਨਾਲ ਖੁੱਲ੍ਹਾ ਵਿਰੋਧ ਜਤਾਉਣ ਪਿੱਛੋਂ ਇਸ ਖੇਤਰ ਵਿੱਚ ਭਾਜਪਾ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ ਅਤੇ ਵਿਰੋਧੀਆਂ ਨੂੰ ਮੁੱਦਾ ਮਿਲ ਗਿਆ ਹੈ। ਭਾਜਪਾ ਵਿਧਾਇਕ ਅਸੀਮ ਗੋਇਲ ਨੇ ਕਿਹਾ ਕਿ ਸਾਨੂੰ ਬੀਤੇ 6 ਮਹੀਨੇ ਵਿੱਚ ਅੰਬਾਲਾ ਪੁਲਿਸ ਬਾਰੇ ਸ਼ਿਕਾਇਤਾਂ ਮਿਲੀਆਂ ਹਨ। ਹੋਰ ਰਾਜਾਂ ਤੋਂ ਆਉਣ ਵਾਲੇ ਵਾਹਨਾਂ ਨੂੰ ਵੱਖੋ-ਵੱਖ ਤਰੀਕੇ ਨਾਲ ਚਲਾਨ ਲਈ ਰੋਕਿਆ ਜਾਂਦਾ ਹੈ।

## ਛੇੜਛਾੜ ਦੇ ਵਿਰੋਧ ਕਾਰਨ ਡਰਾਈਵਰ ਨੇ ਪਰਿਵਾਰ ਦਰੜਿਆ, 2 ਮੌਤਾਂ

ਬੁਲੰਦ ਸ਼ਹਿਰ, 25 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਦੇ ਚਾਂਦਪੁਰ ਪਿੰਡ ਵਿੱਚ ਛੇੜਛਾੜ ਦਾ ਵਿਰੋਧ ਕਰਨਾ ਇਕ ਪਰਵਾਰ ਨੂੰ ਮਹਿੰਗਾ ਪੈ ਗਿਆ। ਰਸੂਖਦਾਰਾਂ ਨੇ ਵਿਰੋਧ ਕਰਦੇ ਪਰਵਾਰ ਉੱਤੇ ਗੱਡੀ ਚੜ੍ਹਾ ਦਿੱਤੀ। ਇਸ ਘਟਨਾ ਵਿੱਚ ਪਰਵਾਰ ਦੀ 2 ਔਰਤਾਂ ਦੀ ਮੌਕੇ ਉੱਤੇ ਮੌਤ ਹੋ ਗਈ ਤੇ 2 ਦੀ ਹਾਲਤ ਗੰਭੀਰ ਹੈ। ਇਸ ਤੋਂ ਨਾਰਾਜ਼ ਪਰਵਾਰ ਅਤੇ ਪਿੰਡ ਵਾਸੀਆਂ ਨੇ ਹੰਗਾਮਾ ਕੀਤਾ ਅਤੇ ਲਾਸ਼ਾਂ ਨੂੰ ਸੜਕ ਉੱਤੇ ਰੱਖ ਕੇ ਪ੍ਰਦਰਸ਼ਨ ਕੀਤਾ।

ਪੁਲਿਸ ਦਾ ਕਹਿਣਾ ਹੈ ਕਿ ਬੀਤੀ ਸ਼ਾਮ ਜਦੋਂ ਘਟਨਾ ਵਾਪਰੀ ਤਾਂ ਪਰਵਾਰ ਨੇ ਟਰੱਕ ਨਾਲ ਦਰੜੇ ਜਾਣ ਦੀ ਸੂਚਨਾ ਦਿੱਤੀ ਸੀ। ਬਾਅਦ ਵਿੱਚ ਪਰਵਾਰ ਨੇ ਇਸ ਨੂੰ ਛੇੜਛਾੜ ਦੀ ਘਟਨਾ ਦਾ ਹਿੱਸਾ ਦੱਸ ਕੇ ਕਿਹਾ ਕਿ ਪਰਵਾਰ ਦੇ 4 ਮੈਂਬਰਾਂ ਉੱਤੇ ਕਾਰ ਚੜ੍ਹਾਈ ਗਈ ਹੈ। ਸ਼ੁਰੂ ਵਿੱਚ ਪੁਲਿਸ ਨੇ ਸੜਕ ਹਾਦਸੇ ਦਾ ਕੇਸ ਦਰਜ ਕੀਤਾ ਸੀ, ਇਸ ਦੇ ਬਾਅਦ ਕਿਹਾ ਹੈ ਕਿ ਉਹ ਦਲਿਤ ਪਰਵਾਰ ਉੱਤੇ ਗੱਡੀ ਚੜ੍ਹਾਉਣ ਦੇ ਦੋਸ਼ਾਂ ਦੀ ਜਾਂਚ ਕਰ ਰਹੇ ਹਨ। ਪੁਲਿਸ ਨੂੰ ਇਕ ਸੀ ਸੀ ਟੀ ਵੀ ਫੁਟੇਜ਼ ਮਿਲੀ ਹੈ, ਜਿਸ ਵਿੱਚ ਤੇਜ਼ ਰਫ਼ਤਾਰ ਕਾਰ ਸੜਕ ਉੱਤੇ ਜਾਂਦੀ ਵਿਖਾਈ ਦੇਂਦੀ ਹੈ ਤੇ ਉਸ ਦੇ ਪਿੱਛੇ ਲੋਕ ਭੱਜ ਰਹੇ ਹਨ।



ਮਿਲੀ ਜਾਣਕਾਰੀ ਮੁਤਾਬਕ ਪੀੜਤ ਪਰਵਾਰ ਦੀ ਲੜਕੀ ਨਾਲ ਪਿੰਡ ਦੇ ਲੜਕੇ ਨੇ ਛੇੜਛਾੜ ਕੀਤੀ ਸੀ। ਲੜਕੀ ਦੇ ਭਰਾ ਨੇ ਮੌਕੇ ਉੱਤੇ ਦੋਸ਼ੀ ਲੜਕੇ ਨੂੰ ਥੱਪੜ ਮਾਰ ਦਿੱਤੇ ਤਾਂ ਇਸ ਤੋਂ ਬਾਅਦ ਲੜਕਾ ਆਪਣੇ ਘਰ ਗਿਆ ਅਤੇ ਅਰਟਿਗਾ ਕਾਰ ਲੈ ਕੇ ਲੜਕੀ ਦੇ ਘਰ ਦੇ ਬਾਹਰ ਆ ਕੇ ਖੜਾ ਹੋ ਗਿਆ। ਜਦੋਂ ਲੜਕੀ ਦੇ ਪਰਵਾਰ ਵਾਲੇ ਘਰੋਂ ਨਿਕਲੇ ਤਾਂ ਲੜਕੇ ਨੇ ਉਨ੍ਹਾਂ ਉੱਤੇ ਗੱਡੀ ਚੜ੍ਹਾ ਦਿੱਤੀ। ਮ੍ਰਿਤਕ ਔਰਤਾਂ ਦੀ ਪਛਾਣ ਲੜਕੀ ਦੀ ਮਾਂ ਅਤੇ ਚਾਚੀ ਵਜੋਂ ਹੋਈ ਹੈ। ਲੜਕੀ ਦਾ ਭਰਾ ਅਤੇ ਇਕ ਹੋਰ ਵਿਅਕਤੀ ਗੰਭੀਰ ਜ਼ਖ਼ਮੀ ਹਨ।

## ਕੈਸ਼ ਕੁਲੈਕਸ਼ਨ ਕੰਪਨੀ ਦੇ ਡਰਾਈਵਰ ਤੋਂ ਤਿੰਨ ਬਦਮਾਸ਼ਾਂ ਨੇ 17 ਲੱਖ ਲੁੱਟੇ

ਗੁੜਗਾਓਂ, 25 ਜੂਨ (ਪੋਸਟ ਬਿਊਰੋ)- ਦਿੱਲੀ ਦੀ ਰੇਡੀਐਂਟ ਕੰਪਨੀ ਦੇ ਗੱਡੀ ਚਾਲਕ ਤੋਂ ਦਿਨ ਦਿਹਾੜੇ ਪਿਸਤੌਲ ਦੀ ਨੋਕ ਉਤੇ ਤਿੰਨ ਬਦਮਾਸ਼ 17 ਲੱਖ 299 ਰੁਪਏ ਲੁੱਟ ਕੇ ਲੈ ਗਏ। ਘਟਨਾ ਕੱਲ੍ਹ ਦੁਪਹਿਰ ਸੈਕਟਰ 29 ਸਥਿਤ ਕਰੋਮਾ ਸੈਂਟਰ ਦੇ ਬਾਹਰ ਦੀ ਹੈ। ਇਸ ਬਾਰੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ, ਪਰ ਲੁਟੇਰਿਆਂ ਦੀ ਪਛਾਣ ਨਹੀਂ ਹੋ ਸਕੀ। ਸੂਚਨਾ ਮਿਲਣ 'ਤੇ ਪਹੁੰਚੀ ਡੀ ਐੱਲ ਐੱਫ ਸੈਕਟਰ 29 ਥਾਣਾ ਦੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬਦਮਾਸ਼ਾਂ ਦੀ ਪਛਾਣ ਦੇ ਲਈ ਪੁਲਸ ਘਟਨਾ ਸਥਾਨ ਦੇ ਆਸਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ਼ ਵੇਖ ਰਹੀ ਹੈ। ਪੁਲਸ ਦੇ ਅਨੁਸਾਰ ਦਿਨੇਸ਼ ਨਾਂਅ ਦੇ ਕੰਪਨੀ ਮੁਲਾਜ਼ਮ ਨੇ ਦੱਸਿਆ ਕਿ ਉਹ ਗੱਡੀ ਉਤੇ ਕੱਲ੍ਹ ਦੁਪਹਿਰ ਕੈਸ਼ੀਅਰ ਦੇ ਨਾਲ ਵੱਖ-ਵੱਖ ਕੰਪਨੀਆਂ ਤੋਂ ਕੈਸ਼ ਲੈ ਕੇ ਸੈਕਟਰ 29 ਪਹੁੰਚੇ। ਕਰੋਮਾ ਸੈਂਟਰ ਤੋਂ ਕੈਸ਼ ਲੈਣ ਕੈਸ਼ੀਅਰ ਕੰਪਨੀ ਦੇ ਅੰਦਰ ਗਿਆ ਸੀ। ਇੰਨੇ ਵਿੱਚ ਇੱਕ ਆਲਟੋ ਕਾਰ ਸਵਾਰ ਤਿੰਨ ਨੌਜਵਾਨ ਪਹੁੰਚੇ ਤੇ ਉਨ੍ਹਾਂ ਦੀ ਗੱਡੀ ਦੇ ਅੱਗੇ ਆਪਣੀ ਗੱਡੀ ਲਾ ਦਿੱਤੀ ਅਤੇ ਤਿੰਨਾਂ ਬਦਮਾਸ਼ਾਂ ਨੇ ਪਿਸਤੌਲ ਦੀ ਨੋਕ 'ਤੇ ਗੱਡੀ ਵਿੱਚ ਰੱਖਿਆ ਕੈਸ਼ ਨਾਲ ਭਰਿਆ ਬੈਗ ਲੁੱਟ ਲਿਆ।

## ਵਿਆਹ ਉਤੇ 200 ਕਰੋੜ ਰੁਪਏ ਖਰਚੇ, 4 ਟਨ ਕੂੜਾ ਚੁੱਕਣ ਦੇ ਸਿਰਫ਼ 54 ਹਜ਼ਾਰ ਦਿੱਤੇ



ਦੇਹਰਾਦੂਨ, 25 ਜੂਨ (ਪੋਸਟ ਬਿਊਰੋ)- ਉਤਰਾਖੰਡ ਦੇ ਓਲੀ ਕਸਬੇ ਵਿਚ 200 ਕਰੋੜ ਦੇ ਹਾਈ ਪ੍ਰੋਫਾਈਲ ਵਿਆਹ ਤੋਂ ਬਾਅਦ ਛੱਡੇ 4 ਟਨ ਕੂੜੇ ਨੂੰ ਸਾਫ਼ ਕਰਨ ਲਈ ਸੰਬੰਧਤ ਪਰਿਵਾਰ ਨੇ ਨਗਰ ਨਿਗਮ ਨੂੰ ਯੂਜ਼ਰ ਚਾਰਜ ਵਿਚ ਸਿਰਫ 54 ਹਜ਼ਾਰ ਰੁਪਏ ਦਿੱਤੇ ਹਨ। ਪਰਵਾਰ ਨੇ ਕੂੜੇ ਦੇ ਪ੍ਰਬੰਧ ਲਈ ਪੂਰਾ ਭੁਗਤਾਨ ਕਰਨ ਦੀ ਸਹਿਮਤੀ ਦਿੱਤੀ ਹੈ।

ਪਹਾੜੀ ਸ਼ਹਿਰ ਓਲੀ ਵਿਚ ਵਿਆਹ ਤੋਂ ਬਾਅਦ ਕੂੜੇ ਬਾਰੇ ਪਰਵਾਰ ਦੀ ਕਾਫ਼ੀ ਅਲੋਚਨਾ ਹੋਈ ਅਤੇ ਕੇਸ ਕੋਰਟ ਵਿਚ ਚਲਾ ਗਿਆ ਹੈ। ਨਗਰ ਪਾਲਿਕਾ ਦੇ ਪ੍ਰਧਾਨ ਸ਼ੈਲੇਂਦਰ ਪਵਾਰ ਨੇ ਕਿਹਾ ਕਿ ਗੁਪਤਾ ਪਰਵਾਰ ਨੇ ਯੂਜ਼ਰ ਚਾਰਜ ਦੇ 54 ਹਜ਼ਾਰ ਰੁਪਏ ਜਮ੍ਹਾਂ ਕਰਾਏ ਸਨ। ਹਾਲੇ 150 ਕੁਇੰਟਲ ਤੋਂ ਵੱਧ ਕੂੜੇ ਦੀ ਸਫ਼ਾਈ ਕੀਤੀ ਗਈ ਹੈ। ਸਾਰਾ ਕੰਮ ਹੋਣ ਪਿੱਛੋਂ ਮੈਨੁਅਲ ਲੇਬਰ ਤੇ ਵਾਹਨਾਂ ਸਮੇਤ ਖਰਚ ਦਾ ਬਿਲ ਬਣਾ ਕੇ ਉਨ੍ਹਾਂ ਨੂੰ ਭੇਜਿਆ ਜਾਵੇਗਾ। ਪਰਵਾਰ ਪੂਰੇ ਬਿਲ ਦਾ ਭੁਗਤਾਨ ਕਰਨ ਤੇ ਸਿਵਲ ਸੰਸਥਾ ਨੂੰ ਇਕ ਵਾਹਨ ਦੇਣਾ ਮੰਨ ਗਿਆ ਹੈ।

ਹਾਈ ਕੋਰਟ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕੂੜੇ ਨਾਲ ਵਾਤਾਵਰਨ ਨੂੰ ਹੋਏ ਨੁਕਸਾਨ ਉੱਤੇ 7 ਜੁਲਾਈ ਤੱਕ ਰਿਪੋਰਟ ਦੇਣ ਨੂੰ ਕਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ 8 ਜੁਲਾਈ ਨੂੰ ਹੈ। ਇਸ ਵਿਆਹ ਬਾਰੇ ਇਕ ਜਨਤਕ ਪਟੀਸ਼ਨ ਵੀ ਪੇਸ਼ ਹੋਈ ਸੀ, ਜਿਸ ਮੁਤਾਬਕ ਵਿਆਹ ਦੀਆਂ ਤਿਆਰੀਆਂ ਏਥੇ ਵਾਤਾਵਰਨ ਨੂੰ ਨੁਕਸਾਨ ਪੁਚਾ ਰਹੀਆਂ ਹਨ। ਇਸ ਵਿਆਹ ਵਿਚ ਕੈਟਰੀਨਾ ਕੈਫ ਤੇ ਬਾਬਾ ਰਾਮਦੇਵ ਵਰਗੀਆਂ ਕਈ ਹਸਤੀਆਂ ਹਾਜ਼ਰ ਹੋਈਆਂ ਅਤੇ ਇਸ ਵਿਆਹ ਉੱਤੇ ਆਏ ਮਹਿਮਾਨਾਂ ਨੂੰ ਲਿਆਉਣ ਤੇ ਛੱਡਣ ਲਈ ਕਿਰਾਏ ਉੱਤੇ ਹੈਲੀਕਾਪਟਰ ਲਏ ਗਏ ਸਨ।

## ਦਲਿਤ ਨੌਜਵਾਨ ਨੇ ਖੇਤ ਕੰਮ ਤੋਂ ਮਨ੍ਹਾ ਕੀਤਾ ਤਾਂ ਅੱਧ-ਨੰਗਾ ਕਰ ਕੇ ਨਚਾਇਆ

ਗਨੌਰ (ਸੋਨੀਪਤ), 25 ਜੂਨ (ਪੋਸਟ ਬਿਊਰੋ)- ਦਲਿਤ ਨੌਜਵਾਨ ਨੇ ਖੇਤ ਵਿੱਚ ਕੰਮ ਕਰਨ ਅਤੇ ਪਸ਼ੂਆਂ ਨੂੰ ਪਾਣੀ ਪਿਲਾਉਣ ਤੋਂ ਮਨ੍ਹਾ ਕੀਤਾ ਤਾਂ ਦੋ ਦਬੰਗ ਨੌਜਵਾਨਾਂ ਨੇ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਤੇ ਉਸ ਨੂੰ ਅੱਧ ਨੰਗਾ ਕਰ ਕੇ ਹਰਿਆਣਵੀ ਗਾਣੇ ਉੱਤੇ ਡਾਂਸ ਵੀ ਕਰਵਾਇਆ। ਸੋਨੀਪਤ ਦੇ ਗਨੌਰ ਕਸਬੇ ਦੇ ਇੱਕ ਪਿੰਡ ਦੀ ਇਸ ਘਟਨਾ ਦਾ ਵੀਡੀਓ ਵਾਇਰਲ ਹੋਇਆ ਤਾਂ ਇੱਕ ਮਹੀਨੇ ਪਿੱਛੋਂ ਕੇਸ ਦਰਜ ਹੋਇਆ ਹੈ। ਪੀੜਤ ਨੌਜਵਾਨ ਦੇ ਪਿਤਾ ਨੇ ਦੋਸ਼ ਲਾਇਆ ਕਿ ਕਰੀਬ ਇੱਕ ਮਹੀਨਾ ਪਹਿਲਾਂ ਪਿੰਡ ਦੇ ਜਤਿੰਦਰ ਅਤੇ ਮੋਹਿਤ ਨਾਂਅ ਦੇ ਦੋ ਨੌਜਵਾਨ ਉਸ ਦੇ ਬੇਟੇ ਨੂੰ ਜ਼ਬਰਦਸਤੀ ਆਪਣੇ ਖੇਤਾਂ ਵਿੱਚ ਕੰਮ ਕਰਾਉਣ ਤੇ ਪਸ਼ੂਆਂ ਦੀ ਦੇਖਭਾਲ ਕਰਨ ਦਾ ਦਬਾਅ ਬਣਾ ਰਹੇ ਸਨ। ਉਸ ਨੇ ਮਨ੍ਹਾ ਕੀਤਾ ਤਾਂ ਦੋਵੇਂ ਉਸ ਨੂੰ ਆਪਣੇ ਖੇਤਾਂ ਵਿੱਚ ਅੱਧ ਨੰਗਾ ਕਰ ਕੇ ਬੁਰੀ ਤਰ੍ਹਾਂ ਡੰਡਿਆਂ ਨਾਲ ਕੁੱਟਿਆ।

## ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਆਚਾਰੀਆ ਦਾ ਵੀ ਅਸਤੀਫਾ

ਨਵੀਂ ਦਿੱਲੀ, 25 ਜੂਨ (ਪੋਸਟ ਬਿਊਰੋ)- ਬੇਬਾਕੀ ਨਾਲ ਆਪਣੀ ਗੱਲਾਂ ਰੱਖਣ ਵਾਲੇ ਭਾਰਤੀ ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਵਿਰਲ ਆਚਾਰੀਆ ਨੇ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਤਿਆਗ ਪੱਤਰ ਦੇ ਦਿੱਤਾ ਹੈ। ਅਚਾਰੀਆ ਨੇ ਇਹ ਅਸਤੀਫਾ ਆਪਣਾ ਤਿੰਨ ਸਾਲਾਂ ਦਾ ਕਾਰਜਕਾਲ ਖਤਮ ਹੋਣ ਤੋਂ ਛੇ ਮਹੀਨੇ ਪਹਿਲਾਂ ਦਿੱਤਾ ਹੈ।

ਵਰਨਣ ਯੋਗ ਹੈ ਕਿ ਵਿਰਲ ਆਚਾਰੀਆ ਨੇ ਅਕਤੂਬਰ ਵਿੱਚ ਇੱਕ ਭਾਸ਼ਣ 'ਚ ਕੇਂਦਰੀ ਬੈਂਕ ਦੀ ਖੁਦਮੁਖਤਿਆਰੀ ਬਾਰੇ ਸਰਕਾਰ ਨਾਲ ਟਕਰਾਅ ਹੋਣ ਦੇ ਸੰਕੇਤ ਦਿੱਤੇ ਸਨ। ਕੇਂਦਰੀ ਬੈਂਕ ਨੇ ਕੱਲ੍ਹ ਜਾਰੀ ਇੱਕ ਸੰਖੇਪ ਬਿਆਨ ਵਿੱਚ ਕਿਹਾ, ਕੁਝ ਹਫਤੇ ਪਹਿਲਾਂ ਆਚਾਰੀਆ ਨੇ ਆਰ ਬੀ ਆਈ ਨੂੰ ਚਿੱਠੀ ਲਿਖ ਕੇ ਸੂਚਿਤ ਕੀਤਾ ਸੀ ਕਿ ਨਿੱਜੀ ਕਾਰਨਾਂ ਕਰ ਕੇ ਉਹ 23 ਜੁਲਾਈ 2019 ਤੋਂ ਬਾਅਦ ਡਿਪਟੀ ਗਵਰਨਰ ਦੇ ਆਪਣੇ ਕਾਰਜਕਾਲ ਨੂੰ ਅੱਗੇ ਜਾਰੀ ਰੱਖਣ ਤੋਂ ਅਸਮਰਥ ਹਨ।



ਆਚਾਰੀਆ (45) ਕਰੰਸੀ ਨੀਤੀ ਕਮੇਟੀ ਦੇ ਵੀ ਮੈਂਬਰ ਸਨ। ਆਰ ਬੀ ਆਈ ਨੇ ਆਚਾਰੀਆ ਦੇ ਅਸਤੀਫੇ ਦੀ ਮੀਡੀਆ ਵਿੱਚ ਰਿਪੋਰਟ ਆਉਣ ਮਗਰੋਂ ਇਸ ਦਾ ਐਲਾਨ ਕੀਤਾ। ਕੇਂਦਰੀ ਬੈਂਕ ਨੇ ਕਿਹਾ ਕਿ ਆਚਾਰੀਆ ਨੇ ਤਿਆਗ-ਪੱਤਰ 'ਤੇ, 'ਅੱਗੇ ਦੀ ਕਾਰਵਾਈ ਲਈ ਸਮਰੱਥ ਅਧਿਕਾਰੀ ਵਿਚਾਰ ਕਰ ਰਹੀ ਹੈ।' ਵਿਰਲ ਆਚਾਰੀਆ ਦਾ ਅਸਤੀਫਾ ਅਜਿਹੇ ਸਮੇਂ ਆਇਆ ਹੈ, ਜਦੋਂ ਕੇਂਦਰੀ ਬੈਂਕ ਵੱਲੋਂ ਬਣਾਈ ਸਾਂਝੀ ਕਮੇਟੀ ਇਹ ਅਧਿਐਨ ਕਰ ਰਹੀ ਹੈ ਕਿ ਆਰ ਬੀ ਆਈ ਕੋਲ ਪਿਆ ਰਿਜ਼ਰਵ ਪੈਸਾ ਉਸ ਦੀਆਂ ਲੋੜਾਂ ਦੇ ਹਿਸਾਬ ਤੋਂ ਕਿੰਨਾ ਵਾਧੂ ਹੈ ਅਤੇ ਇਸ 'ਚ ਕਿੰਨਾ ਹਿੱਸਾ ਸਰਕਾਰ ਨੂੰ ਦਿੱਤਾ ਜਾ ਸਕਦਾ ਹੈ। ਕਿਹਾ ਜਾ ਰਿਹਾ ਹੈ ਕਿ ਆਚਾਰੀਆ ਕੇਂਦਰੀ ਬੈਂਕ ਦੇ ਭੰਡਾਰ 'ਚ ਕੋਈ ਕਮੀ ਕੀਤੇ ਜਾਣ ਦੇ ਵਿਰੁੱਧ ਹਨ।

ਇਸ ਦੌਰਾਨ ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਸਰਕਾਰ ਕਿਹਾ ਕਿ ਆਚਾਰੀਆ ਨੇ ਉਨ੍ਹਾਂ ਮਾਹਰਾਂ ਦੀ ਲੰਮੀ ਸੂਚੀ ਵਿੱਚ ਆਪਣਾ ਨਾਂਅ ਜੋੜ ਦਿੱਤਾ ਹੈ ਜਿਨ੍ਹਾਂ ਨੇ ਭਾਜਪਾ ਰਾਜ ਨੂੰ ਸੱਚਾਈ ਦਾ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਕੀਤੀ। ਭਾਜਪਾ ਸਰਕਾਰ 'ਚ ਉਹ ਰਿਜ਼ਰਵ ਬੈਂਕ ਦੇ ਤੀਜੇ ਸਿਖਰਲੇ ਅਧਿਕਾਰੀ ਹਨ, ਜਿਨ੍ਹਾਂ ਨੇ ਅਹੁਦਾ ਛੱਡਿਆ ਜਾਂ ਦੂਜਾ ਕਾਰਜਕਾਲ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਸਰਕਾਰ ਨਾਲ ਤਣਾਅ ਕਰ ਕੇ ਗਵਰਨਰ ਰਘੂਰਾਮ ਰਾਜਨ ਨੇ 2016 ਵਿੱਚ ਦੂਜਾ ਕਾਰ-ਜਕਾਲ ਨਾ ਲੈਣ ਦਾ ਫੈਸਲਾ ਕੀਤਾ ਸੀ।






# ਫੌਜੀ ਹਸਪਤਾਲ ਵਿੱਚ ਧਮਾਕੇ ਵਿਚ ਮਸੂਦ ਅਜ਼ਹਰ ਦੇ ਜ਼ਖਮੀ ਹੋਣ ਦਾ ਸ਼ੱਕ

ਲਾਹੌਰ, 25 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਜ਼ਿਲ੍ਹਾ ਰਾਵਲਪਿੰਡੀ ਵਿਖੇ ਮਿਲਟਰੀ (ਫੌਜੀ) ਹਸਪਤਾਲ ਵਿੱਚ ਹੋਏ ਧਮਾਕੇ ਦੌਰਾਨ ਜੈਸ਼-ਏ-ਮੁਹੰਮਦ ਦੇ ਆਗੂ ਮੌਲਾਨਾ ਮਸੂਦ ਅਜ਼ਹਰ ਦੇ ਗੰਭੀਰ ਜ਼ਖਮੀ ਹੋਣ ਦੇ ਦਾਅਵੇ ਕੀਤੇ ਗਏ ਹਨ। ਇਸ ਹਮਲੇ ਵਿੱਚ ਲਗਭਗ 16 ਲੋਕ ਜ਼ਖਮੀ ਹੋ ਗਏ ਸਨ।



ਮਿਲੀ ਜਾਣਕਾਰੀ ਅਨੁਸਾਰ ਇਸ ਹਮਲੇ ਦੇ ਬਾਅਦ ਹਸਪਤਾਲ ਵਿੱਚ ਮੱਚੀ ਹਫੜਾ-ਦਫੜੀ ਦੀ ਕਵਰੇਜ ਕਰਨ ਲਈ ਪਾਕਿ ਮੀਡੀਆ 'ਤੇ ਲਾਈ ਗਈ ਰੋਕ ਦੇ ਬਾਅਦ ਇਹ ਸੰਭਾਵਨਾ ਦੱਸੀ ਜਾ ਰਹੀ ਹੈ ਕਿ ਜ਼ਖਮੀਆਂ ਵਿੱਚ ਕੌਮਾਂਤਰੀ ਅੱਤਵਾਦੀ ਐਲਾਨੇ ਜਾ ਚੁੱਕੇ ਪਾਕਿ-ਸਤਨ ਆਧਾਰਤ ਦਹਿਸ਼ਤਗਰਦ ਸੰਗਠਨ ਜੈਸ਼-ਏ-ਮੁਹੰਮਦ ਦਾ ਪ੍ਰਮੁੱਖ ਮੌਲਾਨਾ ਮਸੂਦ ਅਜ਼ਹਰ ਅਤੇ ਉਸ ਦੇ ਸਾਥੀ ਸ਼ਾਮਲ ਹਨ। ਭਾਵੇਂ ਧਮਾਕੇ ਦੇ ਅਸਲ ਕਾਰਨਾਂ ਦੀ ਅਜੇ ਜਾਣਕਾਰੀ ਨਹੀਂ ਮਿਲ ਸਕੀ, ਪਰ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਧਮਾਕਾ ਗੈਸ ਪਾਈਪ ਲਾਈਨ ਦੀ ਲੀਕੇਜ਼ ਕਾਰਨ ਹੋਇਆ ਹੈ। ਉਕਤ ਹਸਪਤਾਲ ਫੌਜੀ ਛਾਉਣੀ ਦੇ ਬਿਲਕੁਲ ਨਜ਼ਦੀਕ ਹੈ ਤੇ ਉਸ ਦੇ ਆਸਪਾਸ ਹਮੇਸ਼ਾ ਸਖਤ ਸੁਰੱਖਿਆ ਰਹਿੰਦੀ ਹੈ।

ਇਸ ਦੌਰਾਨ ਕੁਵੇਟਾ ਦੇ ਇੱਕ ਮਨੁੱਖੀ ਅਧਿਕਾਰ ਕਾਰਕੁਨ ਅਹਿਸਾਨ ਉਲ੍ਹਾ ਮੀਆਖੇਲ ਅਨੁਸ-ਾਰ ਦਹਿਸ਼ਤਗਰਦ ਮਸੂਦ ਅਜ਼ਹਰ ਪਿਛਲੇ ਕਈ ਮਹੀਨਿਆਂ ਤੋਂ ਉਸ ਹਸਪਤਾਲ ਵਿੱਚ ਦਾਖਲ ਸੀ, ਜਿਸ ਕਾਰਨ ਪਾਕਿ ਫੌਜ ਨੇ ਇਸ ਧਮਾਕੇ ਦੀ ਕਵਰੇਜ ਕਰਨ ਤੋਂ ਮੀਡੀਆ ਨੂੰ ਰੋਕ ਦਿੱਤਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਭਾਰਤੀ ਹਵਾਈ ਫੌਜ ਵੱਲੋਂ ਪਾਕਿ ਦੇ ਬਾਲਾਕੋਟ 'ਚ ਕੀਤੇ ਹਮਲੇ ਦੇ ਬਾਅਦ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਮਸੂਦ ਅਜ਼ਹਰ ਦਾ ਉਕਤ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ ਅਤੇ ਉਸ ਦੀ ਹਾਲਤ ਚਿੰਤਾ ਜਨਕ ਬਣੀ ਹੋਈ ਹੈ।

# ਸਰੀਰਕ ਸ਼ੋਸ਼ਣ ਦੇ ਦੋਸ਼ ਲਾਉਂਦੀ ਔਰਤ ਬਾਰੇ ਟਰੰਪ ਨੇ ਕਿਹਾ: 'ਉਹ ਮੇਰੇ ਟਾਈਪ ਦੀ ਨਹੀਂ'

ਵਾਸ਼ਿੰਗਟਨ, 25 ਜੂਨ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਮੇਸ਼ਾ ਵਿਵਾਦਾਂ ਵਿਚ ਰਹਿੰਦੇ ਹਨ। ਉਨ੍ਹਾਂ ਉੱਤੇ ਕਈ ਔਰਤਾਂ ਸਰੀਰਕ ਸ਼ੋਸ਼ਣ ਦਾ ਗੰਭੀਰ ਦੋਸ਼ ਲਾ ਚੁੱਕੀਆਂ ਹਨ। ਡੋਨਾਲਡ ਟਰੰਪ ਨੇ ਸੋਮਵਾਰ ਨੂੰ ਲੇਖਿਕਾ ਈ-ਜੀਨ ਕੈਰੋਲ ਵਲੋਂ ਉਨ੍ਹਾਂ ਉੱਤੇ ਲਾਏ ਗਏ ਬਲਾਤਕਾਰ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।



ਕੈਰੋਲ ਦੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੇ ਹੋਏ ਡੋਨਾਲਡ ਟਰੰਪ ਨੇ ਕਿਹਾ ਕਿ ਸਾਰੇ ਦੋਸ਼ ਝੂਠੇ ਹਨ, ਉਹ ਮੇਰੇ ਟਾਈਪ ਦੀ ਨਹੀਂ। ਵਰਨਣ ਯੋਗ ਹੈ ਕਿ ਕੈਰੋਲ ਨੇ ਟਰੰਪ ਉੱਤੇ ਸਾਲ 1990 ਵਿਚ ਨਿਊਯਾਰਕ ਦੇ ਇਕ ਡਿਪਾਰਟਮੈਂਟਲ ਸਟੋਰ ਵਿਚ ਉਨ੍ਹਾਂ ਨਾਲ ਬਲਾਤਕਾਰ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਹੈ। ਇਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਮੈਂ ਬਹੁਤ ਸਨਮਾਨ ਨਾਲ ਕਹਿਣਾ ਚਾਹਾਂਗਾ ਕਿ ਇਕ ਤਾਂ ਉਹ ਮੇਰੇ ਟਾਈਪ ਦੀ ਨਹੀਂ, ਦੂਜਾ ਏਦਾਂ ਕਦੇ ਹੋਇਆ ਨਹੀਂ। ਟਰੰਪ ਦਾ ਇੰਟਰਵਿਊ ਵ੍ਹਾਈਟ ਹਾਊਸ ਦੇ ਓਵਲ ਦਫਤਰ ਵਿਚ ਹੋਇਆ ਸੀ। ਇਸ ਮੌਕੇ ਟਰੰਪ ਨੇ ਲੇਖਿਕਾ ਦੇ ਦੋਸ਼ ਸਿਰੇ ਤੋਂ ਰੱਦ ਕਰਦੇ ਹੋਏ ਕਿਹਾ ਕਿ ਉਹ ਜਦੋਂ ਇਸ ਤਰ੍ਹਾਂ ਦੇ ਦਾਅਵੇ ਕਰ ਰਹੀ ਸੀ ਤਾਂ ਪੂਰੀ ਤਰ੍ਹਾਂ ਝੂਠ ਬੋਲ ਰਹੀ ਸੀ। ਮੈਂ ਇਸ ਮਹਿਲਾ ਨੂੰ ਨਹੀਂ ਜਾਣਦਾ। ਮੈਨੂੰ ਉਸ ਬਾਰੇ ਕੁਝ ਵੀ ਪਤਾ ਨਹੀਂ।

ਵਰਨਣ ਯੋਗ ਹੈ ਕਿ ਨਿਊਯਾਰਕ ਦੇ ਇਕ ਮੈਗਜ਼ੀਨ ਨੇ ਬੀਤੇ ਦਿਨੀਂ ਕੈਰੋਲ ਦੇ ਹਵਾਲੇ ਨਾਲ ਇਕ ਲੇਖ ਛਾਪਿਆ ਸੀ, ਜਿਸ ਵਿਚ ਟਰੰਪ ਉੱਤੇ ਕਈ ਗੰਭੀਰ ਦੋਸ਼ ਲਾਏ ਗਏ ਸਨ। ਇਸ ਦੇ ਬਾਅਦ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਉਹ ਇਸ ਔਰਤ ਨੂੰ ਜ਼ਿੰਦਗੀ ਵਿਚ ਕਦੇ ਨਹੀਂ ਮਿਲੇ। ਕੈਰੋਲ 16ਵੀਂ ਮਹਿਲਾ ਹੈ, ਜਿਸ ਨੇ ਟਰੰਪ ਉੱਤੇ ਦੁਰ ਵਿਹਾਰ ਦਾ ਦੋਸ਼ ਲਾਇਆ ਹੈ। ਉਸ ਨੇ ਟਰੰਪ ਦਾ ਜ਼ਿਕਰ ਆਪਣੀ ਅਗਲੀ ਕਿਤਾਬ 'ਹਾਈਡਸ ਮੈਨ' ਵਿਚ ਕੀਤਾ ਤੇ ਦੱਸਿਆ ਕਿ 1990 ਦੇ ਮੱਧ ਵਿਚ ਟਰੰਪ ਨੇ ਉਸ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਪੂਰੀ ਤਾਕਤ ਨਾਲ ਟਰੰਪ ਨੂੰ ਧੱਕਾ ਦਿੱਤਾ ਤੇ ਸਟੋਰ ਤੋਂ ਬਾਹਰ ਆ ਗਈ।

# ਉਭਰਦੇ ਭਾਰਤ ਨਾਲ ਸੰਬੰਧ ਬਣਾਉਣ ਵਿੱਚ ਪੱਛੜ ਰਿਹੈ ਬ੍ਰਿਟੇਨ

ਲੰਡਨ, 25 ਜੂਨ (ਪੋਸਟ ਬਿਊਰੋ)- ਕੌਮਾਂਤਰੀ ਮੰਚ 'ਤੇ ਉਭਰ ਰਹੇ ਭਾਰਤ ਤੋਂ ਬ੍ਰਿਟੇਨ ਫਾਇਦਾ ਨਹੀਂ ਲੈ ਰਿਹਾ ਤੇ ਉਹ ਭਾਰਤ ਨਾਲ ਸੰਬੰਧਾਂ ਦੇ ਵਿਕਾਸ ਵਾਲੇ ਕਦਮ ਚੁੱਕਣ ਵਿੱਚ ਪੱਛੜ ਰਿਹਾ ਹੈ।

ਇਹ ਗੱਲ ਬ੍ਰਿਟਿਸ਼ ਪਾਰਲੀਮੈਂਟ ਦੀ ਇੱਕ ਰਿਪੋਰਟ ਵਿੱਚ ਕਹੀ ਗਈ ਹੈ। ਬ੍ਰਿਟੇਨ ਤੇ ਭਾਰਤ ਦੇ ਸੰਬੰਧਾਂ ਦੇ ਮੁੜ ਨਿਰਮਾਣ ਉੱਤੇ ਆਈ ਰਿਪੋਰਟ: ਬਿਲਡਿੰਗ ਬ੍ਰਿਜੇਜ਼; ਰੀਵੇਕਨਿੰਗ ਯੂ ਕੇ-ਇੰਡੀਆ ਟਾਈਮਜ਼, ਯੂ ਕੇ ਇੰਡੀਆ ਵੀਕ 2019 ਦੌਰਾਨ ਆਈ ਹੈ। ਰਿਪੋਰਟ ਮੁਤਾਬਕ ਭਾਰਤ ਨਾਲ ਸੰਬੰਧਾਂ ਨੂੰ ਨਵਾਂ ਰੂਪ ਦੇਣ ਲਈ ਭਾਰਤੀਆਂ ਲਈ ਅਨੁਕੂਲ ਵੀਜ਼ਾ ਅਤੇ ਇਮੀਗਰੇਸ਼ਨ ਨੀਤੀਆਂ ਬਣਾਏ ਜਾਣ ਦੀ ਲੋੜ ਹੈ। ਇਹ ਨੀਤੀਆਂ ਭਾਰਤੀ ਸੈਲਾਨੀਆਂ, ਵਿਦਿਆਰਥੀਆਂ ਤੇ ਪੇਸ਼ੇਵਰਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਉਣੀਆਂ ਚਾਹੀਦੀਆਂ ਹਨ। ਰਿਪੋਰਟ ਵਿੱਚ ਭਾਰਤ ਨਾਲ ਸੰਬੰਧਾਂ ਦੇ ਵਿਕਾਸ ਵਾਲੇ ਮੌਕੇ ਗੁਆਉਣ ਲਈ ਸਰਕਾਰ ਨੂੰ ਦੋਸ਼ੀ ਕਿਹਾ ਗਿਆ ਹੈ ਕਿ ਉਭਰ ਰਹੇ ਭਾਰਤ ਨਾਲ ਮਜ਼ਬੂਤ ਸੰਬੰਧ ਬਣਾਉਣ ਵਿੱਚ ਬ੍ਰਿਟੇਨ ਹੋਰਨਾਂ ਦੇਸ਼ਾਂ ਦੀ ਤੁਲਨਾ ਵਿੱਚ ਪੱਛੜ ਰਿਹਾ ਹੈ। ਬੀਤੇ ਸਾਲਾਂ ਵਿੱਚ ਬ੍ਰਿਟੇਨ ਨੇ ਸੰਬੰਧ ਮਜ਼ਬੂਤ ਬਣਾਉਣ ਦੇ ਕਈ ਮੌਕੇ ਗਵਾਏ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਹਾਰਿਕ ਕਦਮ ਚੁੱਕ ਕੇ ਸਰਕਾਰ ਭਾਰਤ ਨਾਲ ਸੰਬੰਧਾਂ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕਰਨ ਦੀ ਸ਼ੁਰੂਆਤ ਕਰ ਸਕਦੀ ਹੈ। ਇਸ ਦੇ ਲਈ ਭਾਰਤੀਆਂ ਦੇ ਬ੍ਰਿਟੇਨ ਵਿੱਚ ਆਉਣ, ਪੜ੍ਹਨ ਅਤੇ ਕੰਮ ਕਰਨ ਦੀਆਂ ਸਹੂਲਤਾਂ ਵਧਾਉਣ ਦੀ ਜ਼ਰੂਰਤ ਹੋਵੇਗੀ। ਵੀਜ਼ਾ ਮਾਮਲੇ ਵਿੱਚ ਭਾਰਤੀਆਂ 'ਤੇ ਉਹੀ ਸਖਤ ਨਿਯਮ ਲਾਗੂ ਹੁੰਦੇ ਹਨ, ਜੋ ਅਲੋਕਤੰਤਰੀ ਦੇਸ਼ ਚੀਨ ਦੇ ਨਾਗਰਿਕਾਂ 'ਤੇ ਲਾਗੂ ਹੁੰਦੇ ਹਨ, ਇਸ 'ਤੇ ਵੀ ਰਿਪੋਰਟ 'ਚ ਚਿੰਤਾ ਪ੍ਰਗਟਾਈ ਗਈ ਹੈ। ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਵਾਲੀ ਨੀਤੀ ਨਾ ਹੋਣ 'ਤੇ ਚਿੰਤਾ ਪ੍ਰਗਟਾਈ ਗਈ ਹੈ।

# ਤਣਾਅ ਵਧਦੇ ਹੀ ਡਿਜੀਟਲ ਫਾਇਰ ਅਲਾਰਮ ਵੱਜ ਉਠੇਗਾ

ਵਾਸ਼ਿੰਗਟਨ, 25 ਜੂਨ (ਪੋਸਟ ਬਿਊਰੋ)- ਤਣਾਅ ਅਤੇ ਡਿਪਰੈਸ਼ਨ ਮੌਜੂਦਾ ਜੀਵਨਸ਼ੈਲੀ ਦੇ ਸਭ ਤੋਂ ਵੱਡੇ ਮਾੜੇ ਪ੍ਰਭਾਵ ਦੇ ਰੂਪ ਵਿੱਚ ਸਾਹਮਣੇ ਆਏ ਹਨ। ਸਥਿਤੀ ਗੰਭੀਰ ਹੋਣ 'ਤੇ ਕਈ ਲੋਕਾਂ ਦੇ ਮਨ ਵਿੱਚ ਖੁਦ ਨੂੰ ਨੁਕਸਾਨ ਪੁਚਾਉਣ ਦੀ ਇੱਛਾ ਪੈਦਾ ਹੋਣ ਲੱਗਦੀ ਹੈ। ਕੁਝ ਲੋਕਾਂ ਦੇ ਮਨ ਵਿੱਚ ਖੁਦਕੁਸ਼ੀ ਦੇ ਵਿਚਾਰ ਆਉਣ ਲੱਗਦੇ ਹਨ। ਕੁਝ ਦਵਾਈਆਂ ਡਿਪਰੈਸ਼ਨ ਦੇ ਲੱਛਣਾ ਤੋਂ ਰਾਹਤ ਦਿੰਦੀਆਂ ਹਨ, ਪਰ ਇਸ ਦੇ ਲਈ ਜ਼ਰੂਰੀ ਹੈ ਕਿ ਪਰੇਸ਼ਾਨੀ ਦਾ ਪਤਾ ਲੱਗੇ। ਅਕਸਰ ਲੋਕ ਤਣਾਅ ਦੀ ਗੰਭੀਰਤਾ ਨੂੰ ਸ਼ੁਰੂਆਤ ਵਿੱਚ ਸਮਝ ਨਹੀਂ ਪਾਉਂਦੇ। ਜਦ ਤੱਕ ਪਤਾ ਲੱਗਦਾ ਹੈ, ਤਦ ਤੱਕ ਸਥਿਤੀ ਗੰਭੀਰ ਹੋ ਚੁੱਕੀ ਹੁੰਦੀ ਹੈ। ਹੁਣ ਟੈਕਨਾਲੋਜੀ ਨੇ ਇਸ ਦਿਸ਼ਾ ਵਿੱਚ ਆਸ ਦੀ ਕਿਰਨ ਦਿਖਾਈ ਹੈ।

ਅਮਰੀਕਾ ਵਿੱਚ ਕੈਲੇਫੋਰਨੀਆ ਪ੍ਰਸ਼ਾਸਨ ਦੇ ਨਾਲ ਮਿਲ ਕੇ ਮਾਈਂਡਸਟਰਾਂਗ ਕੰਪਨੀ ਇੱਕ ਅਜਿਹਾ ਸਾਫਟਵੇਅਰ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ, ਜੋ ਤਣਾਅ ਗੰਭੀਰ ਹੋਣ ਤੋਂ ਪਹਿਲਾਂ ਹੀ ਚਿਤਾਵਨੀ ਦੇ ਦੇਵੇਗਾ। ਇਹ ਕਿਸੇ ਡਿਜੀਟਲ ਫਾਇਰ ਅਲਾਰਮ ਦੀ ਤਰ੍ਹਾਂ ਕੰਮ ਕਰੇਗਾ। ਜਿਵੇਂ ਫਾਇਰ ਅਲਾਰਮ ਧੂੰਆਂ ਦੇਖਦੇ ਹੀ ਅੱਗ ਦੀ ਚਿਤਾਵਨੀ ਦੇਣ ਲੱਗਦਾ ਹੈ, ਇਵੇਂ ਹੀ ਇਹ ਸਾਫਟਵੇਅਰ ਵੀ ਸ਼ੁਰੂ ਦੇ ਪੱਧਰ 'ਤੇ ਲੱਛਣ ਨੂੰ ਪਛਾਣ ਕਰ ਕੇ ਚਿਤਾਵਨੀ ਦੇਣ ਲੱਗੇਗਾ। ਇਸ ਕੰਪਨੀ ਦੇ ਸਹਿ ਸੰਸਥਾਪਕ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਦੇ ਇੱਕ ਸਾਬਕਾ ਡਾਇਰੈਕਟਰ ਹਨ।

ਖੋਜ ਕਰਤਾ ਲਿਨ ਨੇ ਕਿਹਾ ਕਿ ਬਹੁਤ ਸਾਰੇ ਲੋਕ ਬਾਰਡਰ ਲਾਈਨ ਪ੍ਰਸਨੈਲਿਟੀ ਡਿਸਆਰਡਰ ਤੋਂ ਪੀੜਤ ਹੁੰਦੇ ਹਨ। ਉਨ੍ਹਾਂ ਦੇ ਲਈ ਕੋਈ ਵੀ ਤਣਾਅ ਖਤਰਨਾਕ ਹੋ ਸਕਦਾ ਹੈ। ਜੇ ਉਨ੍ਹਾਂ ਨੂੰ ਪਤਾ ਲੱਗ ਸਕੇ ਕਿ ਕਿਸ ਸਮੇਂ ਅਤੇ ਕਿਸ ਸਥਿਤੀ ਵਿੱਚ ਉਨ੍ਹਾਂ ਦਾ ਤਣਾਅ ਵਧ ਜਾਂਦਾ ਹੈ ਤਾਂ ਉਹ ਅਜਿਹੀ ਸਥਿਤੀ ਵਿੱਚ ਖੁਦ ਉੱਤੇ ਕੰਟਰੋਲ ਦਾ ਯਤਨ ਵੀ ਕਰ ਸਕਣਗੇ। ਕੈਲੀਫੋਰਨੀਆ ਨੇ ਮਾਈਂਡ ਸਟਰਾਂਗ ਅਤੇ ਸੱਤ ਕੱਪ ਨਾਂਅ ਦੀਆਂ ਕੰਪਨੀਆਂ ਨਾਲ ਮਿਲ ਕੇ ਇਸ ਦਿਸ਼ਾ ਵਿੱਚ ਯਤਨ ਸ਼ੁਰੂ ਕੀਤਾ ਹੈ। ਦਿਮਾਗੀ ਸਿਹਤ ਦੇ ਮਾਮਲੇ ਵਿੱਚ ਡਿਜੀਟਲ ਟੈਕਨਾਲੋਜੀ ਵਿੱਚ ਬਹੁਤ ਜ਼ਿਆਦਾ ਸੰਭਾਵਨਾਵਾਂ ਹਨ। ਇਸ ਸਮੇਂ ਬਾਜ਼ਾਰ ਵਿੱਚ ਅਜਿਹੇ ਕਰੀਬ 10000 ਐਪ ਉਪਲਬਧ ਹਨ, ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੀ ਮਦਦ ਨਾਲ ਵਿਅਕਤੀ ਆਪਣੀ ਸਿਹਤ 'ਤੇ ਨਜ਼ਰ ਰੱਖ ਸਕਦਾ ਹੈ।

# ਅਮਰੀਕਾ ਵਿੱਚ ਫਾਇਰਿੰਗ ਦੀਆਂ ਦੋ ਘਟਨਾਵਾਂ ਵਿੱਚ ਇੱਕ ਬੰਦੇ ਦੀ ਮੌਤ, ਦੋ ਜ਼ਖਮੀ



ਹਿਊਸਟਨ, 25 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ 'ਚ ਬੀਤੇ ਐਤਵਾਰ ਗੋਲੀਬਾਰੀ ਦੀਆਂ ਦੋ ਘਟਨਾਵਾਂ ਵਿੱਚ ਇੱਕ ਬੰਦੇ ਦੀ ਮੌਤ ਹੋ ਗਈ, ਦੋ ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਸਥਾਨਕ ਪੁਲਸ ਨੇ ਦਿੱਤੀ। ਸੂਤਰਾਂ ਮੁਤਾਬਕ ਡਲਾਸ ਸਟਰਿਪ ਕਲੱਬ ਦੇ ਬਾਹਰ ਐਤਵਾਰ ਦੇਰ ਰਾਤ ਇੱਕ 28 ਸਾਲਾ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ। ਪੁਲਸ ਮੁਤਾਬਕ ਪੀੜਤ ਤੇ ਸ਼ੱਕੀ ਕਲੱਬ ਦੇ ਕੋਲ ਪਾਰਕਿੰਗ ਸਥਾਨ 'ਤੇ ਸਨ, ਉਦੋਂ ਹੀ ਸ਼ੱਕੀ ਨੇ ਦੇਰ ਰਾਤ 12.45 ਵਜੇ (ਸਥਾਨਕ ਸਮੇਂ) ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ। ਜ਼ਖਮੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇੱਕ ਹੋਰ ਘਟਨਾ ਵਿੱਚ ਐਤਵਾਰ ਦੇਰ ਰਾਤ ਡਲਾਸ 'ਚ ਦੋ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਗਈ। ਪੀੜਤਾਂ ਨੇ ਪੁਲਸ ਨੂੰ ਦੱਸਿਆ ਕਿ ਉਹ ਜੂਆ ਖੇਡ ਰਹੇ ਸਨ ਤਾਂ ਉਸ ਸਮੇਂ ਕੁਝ ਲੋਕ ਉਨ੍ਹਾਂ ਕੋਲ ਪਹੁੰਚੇ ਤੇ ਬਹਿਸ ਕਰਨ ਲੱਗੇ ਅਤੇ ਬਾਅਦ ਵਿੱਚ ਗੋਲੀਆਂ ਮਾਰ ਦਿੱਤੀਆਂ। ਦੋਵੇਂ ਜ਼ਖਮੀਆਂ ਹਸਪਤਾਲ ਜ਼ੇਰੇ ਇਲਾਜ ਹਨ।

# ਹਾਂਗਕਾਂਗ ਮਸਲੇ ਉੱਤੇ ਚੀਨ ਦਾ ਰੁਖ ਹੋਰ ਸਖਤ ਹੋਇਆ

ਬੀਜਿੰਗ, 25 ਜੂਨ (ਪੋਸਟ ਬਿਊਰੋ)- ਚੀਨ ਨੇ ਕਿਹਾ ਹੈ ਕਿ ਉਹ ਇਸ ਹਫਤੇ ਹੋਣ ਜਾ ਰਹੀ ਜੀ-20 ਦੇਸ਼ਾਂ ਦੀ ਬੈਠਕ ਵਿੱਚ ਹਾਂਗਕਾਂਗ ਦੇ ਮਸਲੇ 'ਤੇ ਚਰਚਾ ਦੀ ਇਜਾਜ਼ਤ ਨਹੀਂ ਦੇਵੇਗਾ।



ਵਰਨਣ ਯੋਗ ਹੈ ਕਿ ਇੱਕ ਵਿਵਾਦਤ ਹਵਾਲਗੀ ਕਾਨੂੰਨ ਦੇ ਵਿਰੁੱਧ ਪਿੱਛੇ ਜਿਹੇ ਹਾਂਗਕਾਂਗ ਵਿੱਚ ਲੱਖਾਂ ਲੋਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ ਸੀ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਹੋਰ ਮੈਂਬਰ ਦੇਸ਼ਾਂ ਸਾਹ-ਮਣੇ ਇਹ ਮੁੱਦਾ ਚੁੱਕਣ ਦੀ ਤਿਆਰੀ ਵਿੱਚ ਹਨ। ਜੀ-20 ਦੇਸ਼ਾਂ ਦਾ ਸੰਮੇਲਨ 27-28 ਜੂਨ ਨੂੰ ਜਾਪਾਨ ਦੇ ਓਸਾਕਾ ਵਿੱਚ ਹੋਵੇਗਾ। ਚੀਨ ਨੇ ਕਿਹਾ ਹੈ ਕਿ ਉਹ ਸੰਮੇਲਨ ਦੌਰਾਨ ਹਾਂਗਕਾਂਗ ਦਾ ਮੁੱਦਾ ਉਠਾਉਣ ਦੀ ਅਮਰੀਕਾ ਸਮੇਤ ਕਿਸੇ ਵੀ ਦੇਸ਼ ਦੀ ਕੋਸ਼ਿਸ਼ ਦਾ ਵਿਰੋਧ ਕਰੇਗਾ। ਚੀਨ ਦੇ ਸਹਾਇਕ ਵਿਦੇਸ਼ ਮੰਤਰੀ ਝਾਂਗ ਜੂਨ ਨੇ ਕਿਹਾ ਕਿ ਜੀ-20 ਕੌਮਾਂਤਰੀ ਆਰਥਿਕ ਮੁੱਦਿਆਂ 'ਤੇ ਚਰਚਾ ਦਾ ਮੰਚ ਹੈ। ਹਾਂਗਕਾਂਗ ਚੀਨ ਦਾ ਵਿਸ਼ੇਸ਼ ਖੇਤਰ ਹੈ ਤੇ ਕਿਸੇ ਵੀ ਦੂਜੇ ਦੇਸ਼ ਨੂੰ ਇਸ ਦੇ ਮਾਮਲੇ ਵਿੱਚ ਦਖਲ ਦਾ ਅਧਿਕਾਰ ਨਹੀਂ ਹੈ।

ਵਰਨਣ ਯੋਗ ਹੈ ਕਿ ਹਾਂਗਕਾਂਗ ਵਿੱਚ ਪਿਛਲੇ ਦਿਨੀਂ ਇੱਕ ਵਿਵਾਦ ਵਾਲਾ ਹਵਾਲਗੀ ਬਿੱਲ ਪੇਸ਼ ਕੀਤਾ ਗਿਆ ਸੀ। ਇਸ ਨਾਲ ਦੋਸ਼ੀਆਂ ਨੂੰ ਚੀਨ ਹਵਾਲੇ ਕਰਨ ਦੀ ਤਜਵੀਜ਼ ਸੀ। ਇਸ ਦੇ ਵਿਰੁੱਧ ਇਥੇ ਜ਼ਬਰਦਸਤ ਪ੍ਰਦਰਸ਼ਨ ਹੋਇਆ। ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਲਈ ਪੁਲਸ ਨੂੰ ਰਬੜ ਬੁਲਟ ਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਉਨ੍ਹਾਂ ਉਤੇ ਪੁਲਸ ਦੀ ਕਾਰਵਾਈ ਦੀ ਕੌਮਾਂਤਰੀ ਮਨੁੱਖੀ ਅਧਿਕਾਰ ਗਰੁੱਪਾਂ ਨੇ ਆਲੋਚਨਾ ਕੀਤੀ ਸੀ। ਇਤਿਹਾਸਕ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਹਾਂਗਕਾਂਗ ਦੀ ਸਰਕਾਰ ਨੇ ਬਿੱਲ 'ਤੇ ਰੋਕ ਲਾ ਦਿੱਤੀ ਸੀ। ਹਾਂਗਕਾਂਗ ਦੀ ਲੀਡਰ ਕੈਰੀ ਲੈਮ ਨੇ ਇਸ ਮੁੱਦੇ ਉਤੇ ਕਿਸੇ ਵੀ ਤਰ੍ਹਾਂ ਦੀ ਚਰਚਾ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਹੈ। ਪ੍ਰਦਰਸ਼ਨਕਾਰੀ ਰਸਮੀ ਤੌਰ 'ਤੇ ਕਾਨੂੰਨ 'ਚ ਬਦਲਾਅ ਦੇ ਮਤੇ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਕੁਝ ਪ੍ਰਦਰਸ਼ਨਕਾਰੀ ਲੈਮ ਦਾ ਅਸਤੀਫਾ ਵੀ ਚਾਹੁੰਦੇ ਹਨ।

# ਗਲੋਬਲ ਵਾਰਮਿੰਗ ਨਾਲ ਵਧ ਸਕਦੇ ਹਨ ਮਗਰਮੱਛ ਦੇ ਹਮਲੇ

ਕੈਨਬਰਾ, 25 ਜੂਨ (ਪੋਸਟ ਬਿਊਰੋ)- ਗਲੋਬਲ ਵਾਰਮਿੰਗ ਦੇ ਕਾਰਨ ਮਗਰਮੱਛ ਦੇ ਹਮਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ ਅਤੇ ਇਸ ਤੋਂ ਇਸ ਖੇਤਰ ਵਿੱਚ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ।

